Website: www.mcmohali.org
Email: mcsasnagar@gmail.com

0172-5092582(Mayor)
0172-5044911(Commissioner)

# Municipal Corporation

Municipal Bhawan, Sector-68, Sahibzada Ajit Singh nagar ( Mohali), Punjab

NO. 2092.

Dated 29-9-2020

## ਜਨਤਕ ਸੂਚਨਾ

ਸਮੂਹ ਸ਼ਹਿਰ ਵਾਸੀਆ ਨੂੰ ਇਸ ਜਨਤਕ ਸੂਚਨਾ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਐਸ.ਏ.ਐਸ.ਨਗਰ ਵੱਲੋਂ ਪਸ਼ੂ ਬਾਈਲਾਜ ਨੋਟੀਫਾਈ ਕੀਤੇ ਜਾਣੇ ਹਨ। ਇਨ੍ਹਾਂ ਬਾਈਲਾਜ ਸਬੰਧੀ ਆਮ ਜਨਤਾ ਤੋਂ ਇਤਰਾਜ/ਸੁਝਾਅ ਮੰਗੇ ਜਾਂਦੇ ਹਨ। ਇਨ੍ਹਾਂ ਬਾਈਲਾਜ ਦੀ ਕਾਪੀ ਨਗਰ ਨਿਗਮ ਦੀ ਵੈਬਸਾਈਟ www.mcmohali.org ਤੇ ਜਾਂ ਨਗਰ ਨਿਗਮ ਦਫਤਰ ਦੇ ਕਿਸੇ ਵੀ ਕੰਮ ਕਾਜ ਵਾਲੇ ਦਿਨ ਹਾਜ਼ਰ ਹੋ ਕੇ ਦੇਖੇ ਜਾ ਸਕਦੇ ਹਨ। ਕੋਈ ਵੀ ਵਿਅਕਤੀ/ਸੰਸਥਾ ਆਪਣੇ ਇਤਰਾਜ/ਸੁਝਾਅ ਇਸ ਜਨਤਕ ਸੂਚਨਾ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਦਫਤਰ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦੇ ਸਕਦਾ ਹੈ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ/ਸੁਝਾਅ ਮੰਨਣਯੋਗ ਨਹੀਂ ਹੋਣਗੇ।

ਸਿਹਤ ਅਫਸਰ,
ਨਗਰ ਨਿਗਮ,
ਐਸ.ਏ.ਐਸ.ਨਗਰ।

**Government of Punjab**
**Department of Local Government**
Municipal Corporation, Sahibzada Ajit Singh Nagar
Notification

In exercise of the powers conferred under Section 399 (E) (6) of the Punjab Municipal Corporation Act, 1976 (Punjab Act No. 42 of 1976), Municipal Corporation, Sahibzada Ajit Singh Nagar, after previous publication, hereby notifies Municipal Corporation, Sahibzada Ajit Singh Nagar **(Registration, Control of Stray Animals and Compensation to the Victim of Animal Attack) Bye Laws, 2020**

**Bye-Laws**

1 **Short title and commencement :-**

(1) These Bye Laws may be called the Municipal Corporation, Sahibzada Ajit Singh Nagar (Registration, Control of Stray Animals and Compensation to the Victim of Animal Attack) Bye Laws, 2020

(2) They shall applicable in the municipal limits of Municipal Corporation, Sahibzada Ajit Singh Nagar.

(3) They shall come into force on the date of their publication in the Official Gazette.

2 **Definitions:-** In these rules, unless the context otherwise requires:-

(a) "Act" means The Punjab Municipal Corporation, Act 1976 (Punjab Act No. 42 of 1976)

(b) "Animal" for the purpose of these Bye-Laws means any male/female dog, cat, horse, monkey, buffalo, camel, cow, calf, bull, pony, goat, sheep, pig, elephant, neel-gaon, deer, or any other living creature other than a human being .

(c) "Animal Welfare Organization" means and includes the society for prevention of cruelty to animals and any other welfare organization for animals which is registered under the Societies Registration Act, 1860 (21 of 1860 ), or any other corresponding law for the time being in force and which is recognized by the Animal Welfare Board of India constituted under the Prevention of Cruelty to Animals Act, 1960 (59 of 1960):

(d) "Branding Code" means an identification mark/number given to each animal on the cold branding, microchip or token installed on the animal.

(e) "Animal Pound" means an enclosure where all types of impounded animals are kept.

(f) "Court" means the civil court having jurisdiction over the limits of Municpal Corporation Sahibzada Ajit Singh Nagar.

(g) "Form" means the form appended to these Bye-Laws.

(h) "Registrable Animal" means a he/she cat or dog.

(i) "Registration Fee" means fee levied by Municipal Corporation on commencement of these Bye-Laws for registration of dog/cat and the fee re-fixed by Municipal Corporation from time to time.

(j) "Municipal Corporation" means Municipal Corporation, Sahibzada Ajit Singh Nagar, Punjab.

(k) "owner" means the owner of an animal and includes any other person in possession or custody of such animal whether with or without the consent of the owner;

(l) "Registering Authority" means the Medical Officer (Health), Municipal Corporation or any other officer of Municipal Corporation authorized by Commissioner, Municipal Corporation in this behalf.

(m) "Stray Animal" means an ownerless animal, whether male or female,found straying within the limit of Municipal Corporation Sahibzada Ajit Singh Nagar.

(n) "Veterinary Doctor" means a person who holds a degree of a recognized veterinary college and is registered with the Veterinary Council set up under the Indian Veterinary Council Act, 1984.

(o) The words and expressions not defined in these bye-laws shall have the same meaning as is assigned to them in the Punjab Municipal Corporation Act, 1976.

**3. Registration of certain animals within Municipal Limits**

(a) The owner of every male/female dog or cat kept or brought within the Municipal Corporation limits shall on or before the 30th day of April in each year, or within seven days of its arrival within Municipal Corporation limits, get the said animal(s) registered with the Registration Authority in the office of Municipal Corporation in Form A failing which penalty as mentioned below shall be charged-

| | |
|---|---|
| Up to One month delay | Penalty of Rs. 100 |
| Up to Two month delay | Penalty of Rs. 200 |
| Delay beyond two months | Penalty of 5 times the Registration Fee, impounding of animal and levy of maintenance charges at the rate of Rs. 200 per day. |

Provided that up to a period of six months from the coming into force of these Bye-Laws a Registrable Animal kept or brought within Municipal Corporation Limits shall be allowed to be registered without any penalty.

Provided further that no animal other than a dog or cat shall be registered under these Bye-Laws.

(b) The form of registration or renewal shall be provided at the office of Municipal Corporation on an application. The owner shall, along with the application for registration or renewal, produce before the Registration Authority two recent photographs of the Registrable Animal and a copy of the vaccination/health certificate from a licensed Veterinary Doctor stating therein that the Registrable Animal is free from any infectious/contagious diseases and is fit to be kept within residential/commercial premises meant for the purpose. A new born Registrable Animal shall be presented for registration once it has attained the age of 4 months.

Provided that where a digital platform has been enabled by the Municipal Corporation the application form along with the requisite documents shall be submitted only in the digital form through a mobile application or website/portal designated for this purpose.

Provided that a blind person keeping a male/female dog as a companion animal, solely for the purpose of guidance, shall be exempted from payment of registration fee.

(c) Upon registration, the Registration Authority shall issue a metal token (or any other suitable form of identification) to be attached with the collar to be worn by the Registrable Animal. In case of loss or destruction of the token, a duplicate token shall be issued to the owner on submission of an application along with the cost of token and a fee of Rs. 100. The Branding Code entered on the token shall be recorded in the registration record of Municipal Corporation.

(d) A maximum number of 2 dogs shall be permissible per family.

The term **Family** means the owner, his/her parents, spouse, sons, daughters, brothers and sisters living in one premises.

(e) The fee for registration shall be Rs. ***500 per animal*** and for subsequent annual renewal of registration per animal shall be ***Rs. 200 per animal***, ***or such revised amount*** as may be notified by the Municipal Corporation from time to time. The registration and renewal fee shall be deposited with the Municipal Corporation.

(f) The registration shall be valid for a period of twelve months reckoned from 1$^{st}$day of April or from the date of actual registration of the animal up to 31$^{st}$day of March of the following year.

(g) Upon the expiry of the registration period, the owner shall apply for its renewal in Form A along with a fee of Rs 200 on or before the 30$^{th}$ day of April each year, failing which a penalty as specified in clause 3(a) above or such other penalty as notified by Municipal Corporation from time to time shall be compounded to the owner for the renewal. The owner shall, along with the application for registration or renewal, produce before the Registration Authority a copy of the up to date vaccination/health certificate from a licensed Veterinary Doctor stating that the animal is free from any infectious/contagious diseases and is fit to be kept within residential/commercial premises meant for the purpose

(h) A register of registered animals shall be kept by the concerned official/clerk of Municipal Corporation in which the name and place of residence of every animal owner and the number and type of animal(s) registered against his name shall be entered. The register shall at all reasonable times be available for inspection by anyone, on payment of Rs. 10 for the first hour and Rs. 30 for every subsequent hour up to a maximum of 3 hours with Municipal Corporation or any other amount as notified by Municipal Corporation from time to time.

**4. Animal Pound and Stray Animals**

(a) The Municipal Corporation shall construct and maintain one or more animal pound(s) of sufficient capacity for impounding Stray Animals. Any Animal if found straying within limits of Municipal Corporation on a street, public place or beyond the enclosure belonging to the owner of the animal, may be detained in the Animal Pound at the direction of person authorized by the

Commissioner, Municipal Corporation. The Animal Pound or enclosure shall have a boundary wall of such height as the animal inside the enclosure is not able to jump over.

(b) If the animal is claimed within a week, it will be released by charging a penalty of Rs. 5000 and maintenance charges of Rs. 200 per day per animal or any other amount as notified by Municipal Corporation from time to time. The penalty will be charged and recoverable from the owner for such period of detention of the animal in the Animal Pound or at a place specified by the Commissioner, Municipal Corporation.

(c) If the animal is not claimed within week, it will be impounded and will not be released. In addition to the penalty of Rs. 5000, maintenance charges of Rs. 200 per day for impounded animal during the period of impounding, or a revised amount as notified by Municipal Corporation from time to time, shall also be charged by the Municipal Corporation from the owner of the animal. Such impounded animal shall be liable to be dealt with or disposed of as per prevailing law.

(d) If animal owner is found defaulting second time, a fee of Rs 10,000 per animal will be charged as penalty. If found defaulting third time, the animal will be impounded and will not be released and shall be liable to be dealt with or disposed of as per prevailing law.

(e) The Registration Authority or an officer/official authorized by him shall keep the details of all seized animals duly entered in a register with a brief description of the animal, date of seizure, reasons of seizure and the manner in which it was disposed of.

**5. Animals suffering from infectious/contagious disease**

(a) It shall be the duty of the owner of any animal suffering from any infectious/contagious disease to report the matter without delay to the Registration Authority.

(b) The Registration Authority may after reasonable notice require the owner or person in-charge of any animal suspected/suffering from any infectious/contagious disease or believed to be suffering from any infectious/contagious disease to deliver the same to any specified official of the Municipal Corporation. The Registration Authority may either dispose of the animal in a manner as may be decided by the Municipal Corporation forthwith or send it to a veterinary hospital, for observation for a period specified by the Veterinary Doctor. The owner shall pay the expenses for such detention and observation at the rate of Rs. 200 per day or any other amount as notified by Municipal Corporation from time to time. No compensation shall be paid for animals thus disposed of.

(c) In case the animal cannot be cured, it shall be destroyed on the certification in this regard by the veterinary doctor. No damages shall be payable in respect of the animal so destroyed.

(d) The animal bearing Token/Branding Code if found straying repeatedly more than two times, the registration of such animal shall be cancelled with prior notice to the owner. The animal shall be seized by the Municipal Corporation and dealt with as per law. The owner shall have no claim of any kind on the animal.

**6. Animals for show purpose:**

These Bye-Laws shall also apply to the animals which are brought within the municipal limits even for bona fide legal show purpose.

The owner or organizer of the show of such animals, as the case may be, shall be charged Rs. 2000 per day for the duration of keeping the animals within Municipal Limits or a revised amount notified by Municipal Corporation.

**7. Duties of an animal owner:**

(a) No one, being the owner or person in-charge of an Animal shall allow it to be **at large** in any public street or public place without being muzzled and without being secured by the chain lead or secured in any other sufficient manner, in any case in which the animal is likely to annoy, intimidate or injure any person. The owner shall ensure that a registered animal wears a metal token or other identification issued by the Municipal Corporation at all times.

(b) The owner of an animal shall be responsible for the removal of the animal's excreta/waste from any public or private place and proper disposal of the same. A fine of Rs. 1000 shall be imposed on the owner in case of a default.

(c) The owner of an animal shall ensure that the animal is free from any kind of infectious/contagious disease. In this regard regular health check-ups and vaccination at prescribed time periods shall be the responsibility of the animal owner. The vaccination certificate shall be furnished on demand during inspection by the authorized officer of the Municipal Corporation failing which a penalty of Rs. 200 shall be imposed. The Municipal Corporation may seize the animal in case of repeated defaults and the registration of the animal may be cancelled.

(d) An animal after its death shall not be thrown in the open or in the garbage bins of Municipal Corporation. Dead animals shall be buried only at the places earmarked for the purpose or disposed of in any manner the Municipal Corporation may prescribe.

(e) The owner or the person in-charge of an animal:

(i) shall not allow such animal to be at large without being muzzled;

(ii) shall not set on or urge such animal to attack, worry or intimidate any person;

(iii) knowing or having reason to believe that any animal belonging to him or in his charge has been bitten by an animal suffering or reasonably suspected to be suffering from rabies, shall not fail or neglect to give immediate information of this fact to the Municipal Corporation and shall not give information which is false.

(f) It shall be the duty of an animal owner to take due care of the health and well being of the animal under his control and to ensure that no animal under his charge is made to undergo undue suffering or cruelty.

(g) The owner of a registered animal shall be bound to inform the Municipal Corporation about death of the registered animal.

(h) A person found violating any of the provisions of the Prevention of Cruelty to Animals Act, 1960 shall be liable to be prosecuted and punished thereunder.

**8. Disqualification from keeping animal:**

(a) In case of conviction of the owner of an animal, under the Prevention of Cruelty to Animals Act, 1960 (59 of 1960) the court may order him to be disqualified from keeping such animal and for holding or obtaining an animal license for such period as it thinks fit and the license issued to such owner shall be deemed to have been suspended and of no effect so long as the disqualification continues.

(b) The owner may apply to the court within six months from the date of the order and from time to time, for removal of the disqualification but three months must have elapsed after a refusal before a further application in this regard can be made. On the hearing of the application the court may having regard to the applicant's character, his conduct subsequent to the order, the nature of the offence and any other circumstances, either remove such disqualification or refuse the application.

(c) On suspension of the license of such owner for an offence of cruelty to animal, the animal concerned, shall be kept in the enclosure fixed by the Municipal Corporation at the expense of the owner. The owner shall be charged the expenses at the rate of Rs. 200 per day or any other amount as notified by Municipal Corporation from time to time for this purpose.

**9. Dangerous animal:**

(a) On a complaint being made to the Registration Authority regarding an animal which appears to be dangerous to public health and safety and is not being kept under control the Registration Authority may order the owner of such animal to keep the animal under control. A penalty of Rs.50/- per day for the period of default shall be charged by the Municipal Corporation or any other amount as notified by Municipal Corporation from time to time for failing to comply with such order. Notice of penalty shall be given to the owner for the period of non-compliance.

If the owner fails to comply with the order of Registration authority and fails to keep his dangerous animal in control then the Commissioner, Municipal Corporation or other authorized officer, of Municipal Corporation, in consultation with the Veterinary Department, may seize the animal and order its destruction or disposal as per law.

(b) Appeal may be filed within 15 days against a destruction order of the Municipal Corporation to the concerned Principal Secretary to Government of Punjab, Department of Local Government.

**10. Trespass by animal:-**

I. The owner of an animal shall not allow an animal to run at large or to trespass into the land of others.

II. Where a stray, roaming or trespassing animal causes damage by killing or injuring any person, animal or livestock or by damaging any property, the owner of the animal shall be liable for the damage caused.

**11. Seizure, detention and sterilization of animals**

(1) An official duly authorized by Municipal Corporation Registration Authority, may seize any animal found on the highway or in public place, which he has reason to believe to be stray animal and detain it for a week or until the owner of such animal has claimed for it and paid all expenses incurred by the Municipal Corporation for its detention and maintenance in addition to the penalty prescribed under clause 4. If the animal bears a Branding code, the Municipal Corporation shall serve a written notice on the owner stating that the animal has been seized and is liable to be sold by way of auction or disposed of by way of adoption or otherwise in accordance with law as may be decided by the Commissioner, Municipal Corporation, if not claimed within seven days after the service of the notice.

(2) Any animal found straying in streets, roads or any public place within the Municipal limits may be caught by any person or animal welfare organization(s) and handed over to the official in charge of the Municipal Corporation for impounding in the animal pound or enclosure fixed for this purpose.

(3) The Registration Authority or an authorized Veterinarian, Health Supervisor, Chief Sanitary Inspector, Sanitary Inspector or any other officer of the Municipal Corporation authorized by the Registration Authority, may inspect the premises of the owner of any animal and such owner shall allow that person to enter and inspect the premises at all reasonable times. Such officer/official shall also be authorized to search the places where animals are kept without registration and to seize them.

(4) In order to keep a check on population of stray animals within its limits the Municipal Corporation shall carry out sterilization or destruction of stray animals as per prevailing law.

**12. Use of fee/penalty charges collected under the Bye-Laws**:

All the revenue collected by way of registration/renewal fee and penalty charges shall be used for following purposes namely:-

(a) For maintenance of animal pound;
(b) For payment of compensation to the victims of stray animal attack;
(c) Cost of identification and veterinary health care of stray animals.

**13. Support of NGOs and other socio-religious organizations**: Municipal Corporation shall extend all possible assistance and support to Non-Government Organizations and other socio-religious organizations interested in setting up of non-profit animal pounds for old and infirm animals subject to availability of funds.

**14**. **Abandoning of Animals**

Abandoning of animals, especially old and infirm animals, by delivering them into the area falling within the limits of Municipal Corporation shall be prohibited. The owner abandoning or attempting to abandon such animal(s) shall be charged with penalty of Rs. 5000 per animal or at the rates notified from time to time by the Municipal Corporation and shall be liable to prosecution under the provisions of the Prevention of Cruelty to Animals Act, 1960 and Punjab Municipal Corporation, 1976.

**15. Penalty**

Except as otherwise expressly provided in these Bye-Laws, the owner of an animal who violates these Bye-Laws shall be liable to be punished by the Registration Authority with a fine which may extend to Rs. 500 and if the violation is of a continuing nature, then with an additional fine, which may extend to Rs. 100 per day, for a maximum of 7 days for which the breach continues. In case of Registrable Animal, where the breach continues beyond a period of 7 days the registration of the animal may be cancelled by the Registration Authority and the animal may be seized.

**16.Application for grant of compensation**:-

(a) The victim of the attack by a stray animal may submit an application to the Joint Commissioner of the Municipal Corporation or to any other authorized officer for the grant of compensation under the provisions of these Bye-Laws.

(b) Any person not satisfied by the decision taken by the above said authority may file an appeal to the Commissioner of the Municipal Corporation within thirty days of passing of order.

**17. Determination of compensation to victims of stray animal attack**

(a) The compensation under Rule 16, Sub Rule (a) above means compensation settled upon due inquiry by the Joint Commissioner or any other authorized officer of the Municipal Corporation upon an application thereunder.

(b) The amount of compensation payable to victim of stray animal attack in case of disability and legal heirs of the victim in case of death of the victim of the stray animal attack,shall be as follows:-

| | |
|---|---|
| In case of death | Rs.2 Lakh |
| In case of disability | Such part of an amount of Rs. 2 Lakh as determined by the Joint Commissioner or authorized officer in proportion to the deprivation caused to the victim by the percentage of disability as certified by Civil Surgeon, Sahibzada Ajit Singh Nagar. |

Provided the victim of the stray animal attack shall not be entitled for any compensation if incident occurred due to the provocation or negligence of the victim himself.

Provided further that the liability to pay compensation to a victim of attack by a registered animal shall be that of the owner of the registered animal.

(c) In case of injury due to stray animal attack (if the case does not fall under sub rule (b) above) Municipal Corporation shall pay a special compensation of Rs. 1000 per puncture and special compensation of Rs. 2000 per hole apart from reasonable medical expenses actually incurred subject to a maximum of Rupees 50,000 to the victim upon certification of the injury having been caused due to an animal by Medical Officer or other senior Officer of a local Government Hospital of Sahibzada Ajit Singh Nagar.

**18. Repeal and saving:** - Any provision of any Municipal Corporation bye-law inconsistent with these Bye-Laws so far as relates to the registration, control of animal and compensation to victim of animal attack, which is in force within Municipal Corporation limits immediately before the commencement of these bye-laws, is hereby repealed:

Provided that any order made or action taken under the bye-laws, so repealed, shall be deemed to have been made or taken under the corresponding provisions of these Bye-Laws.

**FORM-A**

FORM OF REGISTRATION/RENEWAL

(See sub-clause (a) of Clause 3 of the Bye-Laws)

1. Municipal Corporation:
2. Registration No:
3. Name of the applicant:
4. Father's name:
5. Residential address in Municipality:

   House No. Ward No.

   Locality: Contact No.

6. Permanent address:
7. Category of animals (Dog/Cat):
8. Type of animals(Breed) and Age of Animal:
9. Has the animal been certified by the veterinary Doctor to be free from infectious diseases?
10. Vaccination Status:
11. Details of registration/renewal fee payment:
12. Number of other registered /unregistered animals already owned by the family

    (a)If yes, give registration number:

    (b) If no, give type and number of such unregistered animals:

Date:

Signature of the applicant

COUNTERFOIL

Registration No.

Received an application for registration/renewal of animal(s) from…………………………………resident of…………………………….

Date:

Signature of Registration Clerk, with seal of the
o/o Municipal Corporation, S.A.S Nagar

**ਪੰਜਾਬ ਸਰਕਾਰ**

**ਸਥਾਨਕ ਸਰਕਾਰ ਵਿਭਾਗ, ਪੰਜਾਬ**

ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

**ਅਧਿਸੂਚਨਾ**

ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ , 1976 (ਪੰਜਾਬ ਐਕਟ ਨੰਬਰ 42 ਆਫ 1976) ਦੀ ਧਾਰਾ 399 ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੂਰਵਕ ਪ੍ਰਕਾਸ਼ਨਾ ਉਪਰੰਤ ਨਗਰ ਨਿਗਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ **(ਰਜਿਸਟਰੇਸ਼ਨ , ਆਵਾਰਾ ਪਸ਼ੂਆਂ ਦਾ ਨਿਯੰਤਰਣ ਅਤੇ ਜਾਨਵਰਾਂ ਵੱਲੋਂ ਕੀਤੇ ਹਮਲੇ ਦੇ ਸ਼ਿਕਾਰ ਲੋਕਾਂ ਨੂੰ ਮੁਆਵਜਾ) ਉਪ-ਨਿਯਮ, 2020** ਨੂੰ ਨੋਟਿਫਾਈ ਕਰਦਾ ਹੈ।

**ਉਪ-ਨਿਯਮ**

1। **ਸਿਰਲੇਖ ਅਤੇ ਲਾਗੂ ਹੋਣ ਦੀ ਮਿਤੀ: -**

(1) ਇਹਨਾਂ ਉਪ-ਨਿਯਮਾਂ ਨੂੰ ਮਿਉਂਸਪਲ ਕਾਰਪੋਰੇਸ਼ਨ ,ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਰਜਿਸਟਰੇਸ਼ਨ , ਆਵਾਰਾ ਪਸ਼ੂਆਂ ਦਾ ਨਿਯੰਤਰਣ ਅਤੇ ਜਾਨਵਰਾਂ ਵੱਲੋਂ ਕੀਤੇ ਹਮਲੇ ਦੇ ਸ਼ਿਕਾਰ ਲੋਕਾਂ ਨੂੰ ਮੁਆਵਜਾ) **ਉਪ-ਨਿਯਮ**, 2020 ਕਿਹਾ ਜਾ ਸਕਦਾ ਹੈ।

(2) ਇਹ ਨਗਰ ਨਿਗਮ,ਸਾਹਿਬਜ਼ਾਦਾ ਅਜੀਤ ਸਿੰਘ ਨਗਰਦੀ ਹਦੂਦ ਅੰਦਰ ਲਾਗੂ ਹੋਣਗੇ ।

(3) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਨ ਦੀ ਮਿਤੀ ਤੇ ਲਾਗੂ ਹੋਣਗੇ ।

**2. ਪਰਿਭਾਸ਼ਾਵਾਂ**: - ਇਹਨਾਂ ਉਪ-ਨਿਯਮਾਂ ਵਿੱਚ, ਜਦੋਂ ਤੱਕ ਸੰਦਰਭ ਵਿੱਚ ਹੋਰ ਭਾਵ ਨਹੀਂ: -

(ਏ) "ਐਕਟ" ਦਾ ਭਾਵ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ, ਐਕਟ 1976 (ਪੰਜਾਬ ਐਕਟ ਨੰ 42 ਆਫ 1976)

(ਬੀ) ਇਹਨਾਂ ਉਪ-ਨਿਯਮਾਂ ਦੇ ਉਦੇਸ਼ ਲਈ "ਪਸ਼ੂ" ਦਾ ਅਰਥ ਹੈ ਕਿ ਉਹ ਕੋਈ ਵੀ ਕੁੱਤਾ, ਬਿੱਲੀ, ਘੋੜਾ, ਮੱਛੀ, ਮੱਝ, ਊਠ, ਗਊ, ਵੱਛੇ, ਬਲਦ,ਕੱਟੜੀ, ਬੱਕਰੀ, ਭੇਡ, ਸੂਰ, ਹਾਥੀ, ਨੀਲਗਈ, ਹਿਰਨ, ਅਤੇ ਮਨੁੱਖ ਤੋਂ ਇਲਾਵਾ ਹੋਰ ਕੋਈ ਵੀ ਜੀਵਤ ਪ੍ਰਾਣੀ।

(ਸੀ) "ਐਨੀਮਲ ਵੈਲਫੇਅਰ ਔਰਗਨਾਈਜ਼ੇਸ਼ਨ" ਦਾ ਅਰਥ ਹੈ ਸੋਸਾਇਟੀ ਫਾਰ ਪ੍ਰੀਵੈਨਸ਼ਨ ਆਫ ਕ੍ਰਿਉਲਟੀ ਟੂ ਐਨੀਮਲਜ਼ ਅਤੇ ਕੋਈ ਵੀ ਜਾਨਵਰ ਕਲਿਆਣ ਸੰਗਠਨ ਜੋ ਸੁਸਾਇਟੀ ਰਜਿਸਟ੍ਰੇਸ਼ਨ ਐਕਟ , 1860 (21 ਆਫ 1860) ਦੇ ਤਹਿਤ ਜਾਂ ਕਿਸੇ ਹੋਰ ਸੰਬੰਧਿਤ ਕਾਨੂੰਨ ਤਹਿਤ ਰਜਿਸਟਰਡ ਹੈ , ਅਤੇ ਜੋ ਜਾਨਵਰਾਂ ਉਪਰ ਬੇਰਹਿਮੀ ਕਾਨੂੰਨ , 1960 (59 ਆਫ 1960) ਦੇ ਅਧੀਨ ਗਠਿਤ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਦੁਆਰਾ ਮਾਨਤਾ ਪ੍ਰਾਪਤ ਹੈ:

(ਡੀ) "ਬ੍ਰਾਂਡਿੰਗ ਕੋਡ" ਦਾ ਅਰਥ ਹੈ ਜਾਨਵਰ ਨੂੰ ਦਿੱਤੇ ਗਏ ਪਛਾਣ ਨੰਬਰ / ਨੰਬਰ. ਜੋ ਉਸ ਤੇ ਲਗਾਏ ਗਏ ਕੋਲਡ ਬ੍ਰਾਂਡਿੰਗੇਮਾਈਕਰੋਚਿਪ ਜਾਂ ਟੋਕਨ ਤੇ ਅੰਕਿਤ ਹੈ।

(ਕ)"ਪਸ਼ੂ ਪੌਂਡ" ਦਾ ਮਤਲਬ ਹੈ ਇਕ ਘੇਰਾ ਜਿੱਥੇ ਹਰ ਕਿਸਮ ਦੇ ਜਾਨਵਰਾਂ ਨੂੰ ਰੱਖਿਆ ਜਾਂਦਾ ਹੈ।

(f) ੌਅਦਾਲਤ" ਦਾ ਭਾਵ ਹੈ ਕਿ ਉਹ ਦਿਵਾਨੀ ਅਦਾਲਤ ਜਿਸ ਦੇ ਅਧਿਕਾਰ ਖੇਤਰ ਹੇਠ ਨਗਰ ਨਿਗਮ ਦੀ ਹਦੂਦ ਆਉਂਦੀ ਹੈ।

(ਪ) ੌਫਾਰਮ" ਦਾ ਮਤਲਬ ਹੈ ਇਹਨਾਂ ਉਪ-ਨਿਯਮਾਂ ਨਾਲ ਨੱਥੀ ਫਾਰਮ

(ਿ) ੌਰਜਿਸਟਰੇਬਲ ਐਨੀਮਲ" ਤੋਂ ਭਾਵ ਉਹ ਬਿੱਲੀ, ਕੁੱਤਾ ।

(ਜ) ੌਰਜਿਸਟਰੇਸ਼ਨ ਫੀਸ" ਦਾ ਮਤਲਬ ਹੈ ਨਗਰ ਨਿਗਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੁਆਰਾ ਇਹਨਾਂ ਉਪ-ਨਿਯਮਾਂ ਦੀ ਸ਼ੁਰੂਆਤ ਤੇ ਅਤੇ ਸਮੇਂ-ਸਮੇਂ ਤੇਤੈਅ ਕੀਤੀ ਫੀਸ.

(ਹ) ੌਨਗਰ ਨਿਗਮ" ਤੋਂ ਭਾਵ ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

(ਾ) ੌਮਾਲਕ" ਤੋਂ ਭਾਵ ਕਿਸੇ ਜਾਨਵਰ ਦਾ ਮਾਲਕ ਅਤੇ ਨਾਲ ਹੀ ਕੋਈ ਹੋਰ ਵਿਅਕਤੀ ਜਿਸ ਦੇ ਕਬਜ਼ੇ ਵਿਚ ਉਹ ਜਾਨਵਰ ਹੈ ਭਾਵੇਂ ਮਾਲਕ ਦੀ ਸਹਿਮਤੀ ਨਾਲ ਜਾਂ ਬਿਨਾ ਸਹਿਮਤੀ ਤੋਂਸ

(;) ੌਰਜਿਸਟਰਿੰਗ ਅਥਾਰਟੀ" ਤੋਂ ਭਾਵ ਹੈ ਕਿ ਮੈਡੀਕਲ ਅਫਸਰ (ਸਿਹਤ) , ਨਗਰ ਨਿਗਮ ਜਾਂ ਨਗਰ ਨਿਗਮ ਦਾ ਕੋਈ ਹੋਰ ਅਧਿਕਾਰੀ ਜਿਸ ਨੂੰ ਨਗਰ ਨਿਗਮ ਦੇ ਕਮਿਸ਼ਨਰ ਦੁਆਰਾ ਇਸ ਧਾਰਾ ਅਧੀਨ ਅਧਿਕਾਰਤ ਕੀਤਾ ਗਿਆ ਹੋਵੇ।

(ਠ)"ਆਵਾਰਾ ਘੁੰਮ ਰਹੇ ਪਸ਼ੂ" ਤੋਂ ਭਾਵਯ

- ਜੋ ਮਾਲਕ ਦੀ ਜਾਇਦਾਦ ਤੋਂ ਇਲਾਵਾ ਕਿਤੇ ਘੁੰਮ ਰਿਹਾ ਹੋਵੇ ਜਾਂ ਜਿਸ ਵਿਅਕਤੀ ਦੀ ਦੇਖਭਾਲ , ਹਿਰਾਸਤ ਜਾਂ ਨਿਯੰਤਰਣ ਹੇਠ ਉਹ ਜਾਨਵਰ ਹੈਦੇ ਚਾਰਜ ਜਾਂ ਨਿਯੰਤਰਣ ਤੋਂ ਬਾਹਰ ਘੁੰਮ ਰਿਹਾ ਹੋਵੇ।

  ਜਾਂ

- ਕਿਸੇ ਮਾਰਕੀਟ / ਪਾਰਕ / ਭੀੜ ਭਰੇ ਬਾਜ਼ਾਰ ਖੇਤਰ ਵਿਚ ਹੋਣਾ / ਕਿਸੇ ਖੇਡ ਦੇ ਮੈਦਾਨ ਵਿਚ ਜਾਂ ਸਵਿਮਿੰਗ ਪੂਲ ਦੇ ਪਾਣੀ ਵਿਚ ਹੋਣਾ, ਭਾਵੇਂ ਕਿ ਜ਼ੁੰਮੇਵਾਰ ਵਿਅਕਤੀ ਦੇ ਤੁਰੰਤ ਪ੍ਰਭਾਵ ਅਤੇ ਨਿਯੰਤਰਣ ਅਧੀਨ ਹੋਵੇ ਜਾਂ ਨਾ।

(ਅ) "ਆਵਾਰਾ ਪਸ਼ੂ" ਤੋਂ ਭਾਵ ਬਿਨਾ ਮਾਲਕ ਦਾ ਜਾਨਵਰ, ਚਾਹੇ ਉਹ ਨਰ ਹੋਵੇ ਜਾਂ ਮਾਦਾ, ਜੋ ਨਗਰ ਨਿਗਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਆਵਾਰਾ ਘੁੰਮਦਾ ਹੋਏ।

(ਰ) ੌਵੈਟਰਨਰੀ ਡਾਕਟਰ" ਤੋਂ ਭਾਵ ਉਹ ਵਿਅਕਤੀ ਹੈ ਜਿਹੜਾ ਕਿਸੇ ਮਾਨਤਾ ਪ੍ਰਾਪਤ ਵੈਟਰਨਰੀ ਕਾਲਜ ਤੋਂ ਡਿਗਰੀ ਹੋਲਡਰ ਹੈ ਅਤੇ ਇੰਡੀਅਨ ਵੈਟਰਨਰੀ ਕੌਂਸਲ ਐਕਟ , 1984 ਦੇ ਤਹਿਤ ਕਾਇਮ ਕੀਤੀ ਵੈਟਰਨਰੀ ਕੌਂਸਲ ਦੇ ਨਾਲ ਰਜਿਸਟਰਡ ਹੈ।

(ਪੀ) ਇਹਨਾਂ ਉਪ-ਨਿਯਮਾਂ ਵਿੱਚ ਪਰਿਭਾਸ਼ਿਤ ਨਾ ਹੋਣ ਵਾਲੇ ਸ਼ਬਦ ਅਤੇ ਪ੍ਰਗਟਾਵਿਆਂ ਦਾ ਮਤਲਬ ਉਹੀ ਹੋਵੇਗਾ ਜੋ ਕਿ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਅੰਦਰ ਉਨ੍ਹਾਂ ਨੂੰ ਦਿੱਤਾ ਗਿਆ ਹੈ।

3। **ਨਗਰ ਨਿਗਮ ਦੀ ਹਦੂਦ ਅੰਦਰ ਕੁੱਝ ਜਾਨਵਰਾਂ ਦੀ ਰਜਿਸਟਰੇਸ਼ਨ।**

() ਹਰ ਨਰ ਜਾਂ ਮਾਦਾ ਕੁੱਤਾ, ਬਿੱਲੀ ਦਾ ਮਾਲਕ ਜਿਸ ਵੱਲੋਂ ਨਗਰ ਨਿਗਮ ਦੀ ਹਦੂਦ ਅੰਦਰ ਉਸ ਨੂੰ ਰੱਖਿਆ ਜਾਂ ਲਿਆਇਆ ਗਿਆ ਹੈ ਹਰ ਸਾਲ ਅਪ੍ਰੈਲ ਦੇ 30ਵੇਂ ਦਿਨ ਜਾਂ ਇਸ ਤੋਂ ਪਹਿਲਾਂ ਜਾਂ ਨਗਰ ਨਿਗਮ ਦੀਆਂ ਸੀਮਾਵਾਂ ਦੇ ਅੰਦਰ ਉਸ ਦੇ ਆਗਮਨ ਦੇ ਸੱਤ ਦਿਨਾਂ ਦੇ ਅੰਦਰ-ਅੰਦਰ, ਫਾਰਮ੍ ਵਿਚ ਨਗਰ ਨਿਗਮ ਦੇ ਦਫ਼ਤਰ ਵਿਖੇ ਰਜਿਸਟ੍ਰੇਸ਼ਨ ਅਥਾਰਟੀ ਕੋਲਉਸ

ਨੂੰ ਰਜਿਸਟਰ ਕਰਵਆਉਣ ਦਾ ਪਾਬੰਦ ਹੋਵੇਗਾ। ਰਜਿਸਟਰ ਕਰਵਆਉਣ ਵਿੱਚ ਅਸਫਲ ਹੋਣ ਤੇ ਜੁਰਮਾਨੇ ਵੱਜੋਂ ਹੇਠ ਲਿਖੇ ਅਨੁਸਾਰ ਰਕਮ ਮਾਲਕ ਤੋਂਵਸੂਲੀ ਜਾਵੇਗੀ-

| | |
|---|---|
| ਇੱਕ ਮਹੀਨੇ ਦੀ ਦੇਰੀ | ਜੁਰਮਾਨਾ ਰੁ. 100 |
| ਦੋ ਮਹੀਨੇ ਦੀ ਦੇਰੀ | ਜੁਰਮਾਨਾ ਰੁ. 200 |
| ਦੋ ਮਹੀਨੇ ਤੋਂ ਵੱਧ ਦੀ ਦੇਰੀ | ਜੁਰਮਾਨਾ ਰਜਿਸਟਰੇਸ਼ਨ ਫੀਸ ਦਾ 5 ਗੁਣਾ, ਪਸ਼ੂ ਜ਼ਬਤ ਕੀਤਾ ਜਾਵੇਗਾ ਅਤੇ 200 ਰਪਏ ਪ੍ਰਤੀ ਦਿਨ ਰੱਖ ਰਖਾਵ ਦਾ ਚਾਰਜ ਲਿਆ ਜਾਵੇਗਾ। |

ਬਸ਼ਰਤੇ ਕਿ ਇਨ੍ਹਾਂ ਬਾਈਲਾਜ਼ ਦੇ ਲਾਗੂ ਹੋਣ ਤੋਂ 6 ਮਹੀਨੇ ਦੇ ਅੰਦਰ-ਅੰਦਰ ਰਜਿਸਟਰ ਹੋਣ ਯੋਗ ਜਾਨਵਰਾਂ ਨੂੰ ਰਜਿਸਟਰ ਕਰਨਾ ਲਾਜ਼ਮੀ ਹੋਵੇਗਾ। ਇਸ ਸਮੇਂ ਦੌਰਾਨ ਰਜਿਸਟਰੇਸ਼ਨ ਤੇ ਕੋਈ ਵੀ ਪੈਨਲਟੀ ਨਹੀਂ ਲਗਾਈ ਜਾਵੇਗੀ।

ਇਨ੍ਹਾਂ ਬਾਈ ਲਾਜ਼ ਅਧੀਨ ਕੁੱਤੇ ਅਤੇ ਬਿੱਲੀ ਤੋਂ ਇਲਾਵਾ ਹੋਰ ਕੋਈ ਵੀ ਜਾਨਲਰ ਰਜਿਸਟਰ ਨਹੀਂ ਕੀਤਾ ਜਾਵੇਗਾ।

(ਲ) ਰਜਿਸਟਰ ਕਰਵਾਉਣ ਜਾਂ ਨਵੀਨੀਕਰਣ ਕਰਵਾਉਣ ਦਾ ਫਾਰਮ ਨਗਰ ਨਿਗਮ ਦੇ ਦਫ਼ਤਰ ਵਿਕੇ ਬਿਨੈਪੱਤਰ ਦੇ ਕੇ ਪ੍ਰਾਪਤ ਕੀਤਾ ਜਾ ਸ਼ਕਦਾ ਹੈ। ਰਜਿਸਟ੍ਰੇਸ਼ਨ ਜਾਂ ਨਵੀਨੀਕਰਣ ਲਈ ਦਿੱਤੇ ਗਏ ਫਾਰਮ ਦੇ ਨਾਲ ਪਸ਼ੂ ਦੀਆਂ ਦੋ ਤਾਜ਼ਾ ਫੋਟੋਆਂ ਅਤੇ ਵੈਟਨਰੀ ਡਾਕਟਰ ਵੱਲੋਂ ਜਾਰੀ ਵੈਕਸੀਨੇਸ਼ਨ / ਹੈਲਥ ਸਰਟੀਫਿਕੇਟ ਦੀ ਇਕ ਕਾਪੀ ਦੇਣੀ ਹੋਵੇਗੀ, ਜਿਸ ਵਿਚ ਜਾਨਵਰ ਦੇ ਕਿਸੇ ਵੀ ਛੂਤ ਦੀ ਬਿਮਾਰੀ ਤੋਂ ਮੁਕਤ ਹੋਣ ਅਤੇ ਇਸ ਮਕਸਦ ਲਈ ਬਣਾਏ ਰਿਹਾਇਸ਼ੀ / ਵਪਾਰਕ ਇਮਾਰਤ ਦੇ ਅੰਦਰ ਰੱਖੇ ਜਾਣ ਲਈ ਫਿੱਟ ਹੋਣ ਦੀ ਤਸਦੀਕ ਕੀਤੀ ਗਈ ਹੋਵੇ । ਇੱਕ ਨਵਾਂ ਜਨਮਿਆ ਰਜਿਸਟਰੇਬਲ ਐਨੀਮਲ ਰਜਿਸਟਰੀ ਦੇ ਲਈ ਉਦੋਂ ਪੇਸ਼ ਕੀਤਾ ਜਾਏਗਾ ਜਦੋਂ ਉਸ਼ ਪਸ਼ੂ ਦੀ 4 ਮਹੀਨਿਆਂ ਦੀ ਉਮਰ ਹੋ ਜਾਂਦੀ ਹੈ।

ਬਸ਼ਰਤੇ ਕਿ ਜੇਕਰ ਨਗਰ ਨਿਗਮ ਵੱਲੋਂ ਡਿਜੀਟਲ ਪਲੈਟਫਾਰਮ ਉਪਲਬਧ ਕਰਵਾਈ ਗਈ ਹੈ ਤਾਂ ਰਜਿਸਟਰੇਸ਼ਨ ਦੀ ਦਰਖਾਸਤ ਅਤੇ ਸਬੰਧਤ ਦਸਤਾਵੇਜ਼ ਸਿਰਫ ਡੈਜ਼ੀਗਨੇਟਡ ਵੈਬਸਾਇਟੇਪੋਰਟਲ ਰਾਹੀਂ ਹੀ ਜਮਾ ਕਰਵਾਏ ਜਾ ਸਕਣਗੇ।

ਬਸ਼ਰਤੇ ਕਿ ਅੰਨ੍ਹੇ ਵਿਅਕਤੀਆਂ ਨੂੰ ਜੋ ਕੇਵਲ ਇਕ ਸਾਥੀ ਜਾਨਵਰਾਂ ਵਜੋਂ ਜਾਂ ਮਾਰਗਦਰਸ਼ਨ ਦੇ ਉਦੇਸ਼ ਨਾਲ ਕਿਸੇ ਕੁੱਤੇ ਨੂੰ ਪਾਲਦੇ ਹਨ, ਨੂੰ ਰਜਿਸਟਰੇਸ਼ਨ ਫੀਸ ਦੇ ਭੁਗਤਾਨ ਤੋਂ ਛੋਟ ਦਿੱਤੀ ਜਾਏਗੀ.

(ਫ) ਰਜਿਸਟਰੇਸ਼ਨ ਉਪਰੰਤ, ਰਜਿਸਟ੍ਰੇਸ਼ਨ ਅਥਾਰਟੀ, ਰਜਿਸਟਰਡ ਐਨੀਮਲ ਦੁਆਰਾ ਵਰਤੀ ਜਾਣ ਵਾਲੀ ਕਾਲਰ ਨਾਲ ਜੋੜਨ ਲਈ ਇੱਕ ਮੈਟਲ ਟੋਕਨ (ਜਾਂ ਕੋਈ ਵੀ ਹੋਰ ਢੁਕਵੀਂ ਪਛਾਣ) ਜਾਰੀ ਕਰੇਗੀ । ਟੋਕਨ ਦੇ ਨੁਕਸਾਨ ਜਾਂ ਗੁਆਚ ਜਾਣ ਦੇ ਮਾਮਲੇ ਵਿਚ, ਮਾਲਕ ਟੋਕਨ ਦੇ ਮੁੱਲ ਦੇ ਨਾਲ-ਨਾਲ 100 ਰੁਪਏ ਫੀਸ ਜਮ੍ਹਾਂ ਕਰਾਉਣ ਉਪਰੰਤ ਇਕ ਡੁਪਲੀਕੇਟ ਟੋਕਨ ਜਾਰੀ ਕੀਤਾ ਜਾਏਗਾ

ਟੋਕਨ ਤੇ ਲਿਖਿਆ ਰਜਿਸਟਰਡ ਬ੍ਰਾਂਡਿੰਗ ਕੋਡ ਨਗਰ ਨਿਗਮ ਦੇ ਰਜਿਸਟ੍ਰੇਸ਼ਨ ਰਿਕਾਰਡ ਵਿੱਚ ਦਰਜ ਕੀਤਾ ਜਾਵੇਗਾ।

(ਦ) ਪ੍ਰਤੀ ਪਰਿਵਾਰ ਨੂੰ ਵੱਧ ਤੋਂ ਵੱਧ 2 ਕੁੱਤੇ ਰੱਖਣ ਦੀ ਆਗਿਆ ਹੈ।

ਪਰਿਵਾਰ ਦਾ ਅਰਥ ਹੈ ਮਾਲਕ , ਉਸ ਦੇ ਮਾਤਾ-ਪਿਤਾ , ਪਤੀ / ਪਤਨੀ , ਪੁੱਤਰ, ਧੀਆਂ, ਭੈਣ-ਭਰਾ, ਜੋ ਇਕੋ ਪਰਿਸਰ ਵਿੱਚ ਰਹਿੰਦੇ ਹਨ।

(ਕ) ਰਜਿਸਟ੍ਰੇਸ਼ਨ ਲਈ ਫੀਸ ਅਤੇ ਪ੍ਰਤੀ ਜਾਨਵਰ ਰਜਿਸਟਰ ਕਰਨ ਦੀ ਸਾਲਾਨਾ ਨਵੀਨੀਕਰਨ ਫੀਸ ਕ੍ਰਮਵਾਰ 500 ਰੁਪਏ ਪ੍ਰਤੀ ਜਾਨਵਰ ਅਤੇ 200 ਰੁਪਏ ਪ੍ਰਤੀ ਜਾਨਵਰ ਹੋਵੇਗੀ , ਫੀਸ ਵਿੱਚ ਨਗਰ ਨਿਗਮ ਦੁਆਰਾ ਸਮੇਂ ਸਮੇਂ ਤੇ ਕੀਤੇ ਬਦਲਾਵ ਬਾਰੇ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ । ਰਜਿਸਟਰੇਸ਼ਨ ਅਤੇ ਨਵੀਨੀਕਰਨ ਦੀ ਫੀਸ ਨਗਰ ਨਿਗਮ ਕੋਲ ਜਮ੍ਹਾਂ ਕੀਤੀ ਜਾਵੇਗੀ।

(f) ਰਜਿਸਟਰੇਸ਼ਨ ਅਪ੍ਰੈਲ ਦੇ ਪਹਿਲੇ ਦਿਨ ਤੋਂ ਬਾਰਾਂ ਮਹੀਨਿਆਂ ਦੀ ਮਿਆਦ ਲਈ ਜਾਂ ਪਸ਼ੂ ਦੇ ਅਸਲ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਅਗਲੇ ਸਾਲ ਦੇ ਮਾਰਚ ਦੇ 31 ਵੇਂ ਦਿਨ ਤੱਕ ਪ੍ਰਮਾਣਕ ਹੋਵੇਗੀ।

(ਪ) ਰਜਿਸਟਰੇਸ਼ਨ ਦੀ ਮਿਆਦ ਦੀ ਸਮਾਪਤੀ ੋਤੇ, ਮਾਲਕ ਨੂੰ ਫਾਰਮ ਏ ਵਿਚ ਉਸ ਦੀ ਰਿਨਉਅਲ ਲਈ ਰੁਪਏ 200 ਦੀ ਫੀਸ ਸਮੇਤ ਅਰਜ਼ੀ ਅਪਰੈਲ ਮਹੀਨੇ ਦੀ 30 ਤਰੀਕ ਤੱਕ ਜਾਂ ਉਸ ਤੋਂ ਪਹਿਲਾਂ ਦੇਣੀ ਹੋਵੇਗੀ , ਇੰਜ ਨਾ ਕਰਨ ਤੇ ਉਕਤ ਪੈਨਲਟੀ ਜਾਂ ਨਗਰ ਨਿਗਮ ਵੱਲੋਂ ਸਮੇਂ ਸਮੇਂ ਤੇ ਨੋਟੀਫਾਈਡ ਦਰ ਅਨੁਸਾਰ ਰਿਨਉਅਲ ਲਈ ਜੁਰਮਾਨਾ ਮਾਲਕ ਤੋਂ ਲਿਆ ਜਾਵੇਗਾ। ਮਾਲਕ, ਰਜਿਸਟ੍ਰੇਸ਼ਨ ਜਾਂ ਨਵੀਨੀਕਰਣ ਲਈ ਅਰਜ਼ੀ ਦੇ ਨਾਲ , ਰਜਿਸਟਰੇਸ਼ਨ ਅਥਾਰਿਟੀ ਨੂੰ ਇਕ ਵੈਟਰਨਰੀ ਡਾਕਟਰ ਤੋਂ ਤਾਜ਼ਾ ਵੈਕਸੀਨੇਸ਼ਨ / ਹੈਲਥ ਸਰਟੀਫਿਕੇਟ ਦੀ ਇਕ ਕਾਪੀ ਪੇਸ਼ ਕਰੇਗਾ , ਜਿਸ ਵਿਚ ਇਹ ਕਿਹਾ ਗਿਆ ਹੋਵੇ ਕਿ ਜਾਨਵਰ ਕਿਸੇ ਵੀ ਛੂਤ ਵਾਲੀ ਬੀਮਾਰੀ ਤੋਂ ਮੁਕਤ ਹੈ ਅਤੇ ਰਿਹਾਇਸ਼ੀ / ਵਪਾਰਕ ਇਮਾਰਤ ਦੇ ਅੰਦਰ ਰੱਖੇ ਜਾਣ ਲਈ ਫਿਟ ਹੈ।

(ਿ) ਰਜਿਸਟਰਡ ਜਾਨਵਰਾਂ ਦਾ ਇਕ ਰਜਿਸਟਰ ਨਗਰ ਨਿਗਮ ਦੇ ਸਬੰਧਤ ਕਲਰਕ ਦੁਆਰਾ ਰੱਖਿਆ ਜਾਵੇਗਾ , ਜਿਸ ਵਿਚ ਹਰ ਜਾਨਵਰ ਮਾਲਕ ਦਾ ਨਾਂ ਅਤੇ ਰਿਹਾਇਸ਼ਅਤੇ ਉਸ ਦੇ ਨਾਮ ਦੇ ਅੱਗੇ ਰਜਿਸਟਰੇਸ਼ਨ ਨੰਬਰ ਅਤੇ ਪਸ਼ੂ ਦੀ ਕਿਸਮ ਸ਼ਾਮਲ ਹੋਵੇਗੀ।ਇਹ ਰਜਿਸਟਰ ਆਮ ਪਬਲਿਕ ਵੱਲੋਂ ਮੁਨਾਸਬ ਸਮੇਂ ਤੇ ਜਾਂਚ ਲਈ ਨਗਰ ਨਿਗਮ ਵਿਖੇ ਰੁਪਏ 10 ਪਹਿਲੇ ਘੰਟੇ ਲਈ ਅਤੇ ਰੁ. 30 ਅਗਲੇ ਹਰ ਘੰਟੇ ਲਈ (ਵੱਧ ਤੋਂ ਵੱਦ 3 ਘੰਟੇ) ਦੀ ਰਕਮ ਜਾਂ ਨਗਰ ਨਿਗਮ ਵੱਲੋਂ ਸਮੇਂ ਸਮੇਂ ਤੇ ਨੋਟੀਫਾਈ ਕੀਤੀ ਗਈ ਦਰ ਤੇ ਉਪਲਬਧ ਹੋਵੇਗਾ।

**4. ਪਸ਼ੂ ਪੌਂਡ ਅਤੇ ਸਟਰੇਅ ਜਾਨਵਰ**

(਼) ਨਗਰ ਨਿਗਮ ਇੱਕ ਜਾਂ ਇੱਕ ਤੋਂ ਵੱਧ ਪਸ਼ੂ ਪੌਂਡ ਦਾ ਨਿਰਮਾਣ ਕਰੇਗਾ ਅਤੇ ਇਸ ਦੀ ਸਾਂਭ-ਸੰਭਾਲ ਕਰੇਗਾ ।ਕੋਈ ਵੀ ਪਸ਼ੂ ਜੋ ਨਗਰ ਨਿਗਮ ਦੀ ਹਦੂਦ ਅੰਦਰ,ਸੜਕ ਤੇ, ਗਲੀ ਵਿੱਚ , ਜਨਤਕ ਸਥਾਨ ਤੇ ਜਾਂ ਜਾਨਵਰ ਦੇ ਮਾਲਕ ਵੱਲੋਂ ਬਣਾਏ ਗਏ ਘੇਰੇ ਤੋਂ ਬਾਹਰ ਘੁੰਮਦੇ ਨਜ਼ਰ ਆਉਂਦਾ ਹੈ, ਉਸ ਨੂੰ ਨਗਰ ਨਿਗਮ ਦੁਆਰਾ ਅਧਿਕਾਰਿਤ ਵਿਅਕਤੀ ਦੇ ਨਿਰਦੇਸ਼ਾ ਤੇ ਪਸ਼ੂ ਪੌਂਡ ਵਿਚ ਨਜ਼ਰਬੰਦ ਕੀਤਾ ਜਾ ਸਕਦਾ ਹੈ।ਪਸ਼ੂ ਪਾਉਂਡ ਦੀ ਦੀਵਾਰ ਉਚਿਤ ਉਚਾਈ ਦੀ ਹੋਵੇਗੀ ਤਾਂ ਜੋ ਕੋਈ ਪਸ਼ੂ ਉਸ ਉਪਰ ਦੀ ਟੱਪ ਨਾ ਸਕੇ।

(ਲ) ਜੇਕਰ ਇਕ ਹਫਤੇ ਦੇ ਅੰਦਰ ਜਾਨਵਰ ਨੂੰ ਕਲੇਮ ਕੀਤਾ ਜਾਂਦਾ ਹੈ , ਤਾਂ ਉਸ ਨੂੰ 5000 ਰੁਪਏ ਦੀ ਪੈਨਲਟੀ ਅਤੇ ਰੱਖ-ਰਖਾਵ ਦਾ ਚਾਰਜ ਰੁਪਏ 200 ਪ੍ਰਤੀ ਜਾਨਵਰ ਪ੍ਰਤੀ ਦਿਨ ਜਾਂ ਮਿਊਂਸਪਲ ਕਾਰਪੋਰੇਸ਼ਨ ਦੁਆਰਾ ਸਮੇਂ ਸਮੇਂ ਤੇ ਨੋਟੀਫਾਈਡ ਕੀਤੀ ਗਈ ਕੋਈ ਹੋਰ ਰਕਮਮਾਲਕ ਤੋਂ ਜੁਰਮਾਨੇ ਵੱਜੋਂਲੈਣ ਉਪਰੰਤ ਹੀ ਰਿਲੀਜ ਕੀਤਾ ਜਾਵੇਗਾ।

(ਫ) ਜੇਕਰ ਇੱਕ ਹਫਤੇ ਦੇ ਅੰਦਰ ਜਾਨਵਰ ਨੂੰ ਕਲੇਮ ਨਹੀਂ ਕੀਤਾ ਜਾਂਦਾ , ਤਾਂ ਇਸ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਰਿਲੀਜ਼ ਨਹੀਂ ਕੀਤਾ ਜਾਵੇਗਾ। 5000 ਰੁਪਏ ਜੁਰਮਾਨੇ ਤੋਂ ਇਲਾਵਾ , ਜ਼ਬਤ ਕੀਤੇ ਜਾਨਵਰਾਂ ਲਈ ਪ੍ਰਤੀ ਦਿਨ 200 ਰੁਪਏ ਦੀ ਰੱਖ-ਰਖਾਵ ਦੇ ਖਰਚੇ ਦੀ ਰਾਸ਼ੀ ਵੀ ਨਗਰ ਨਿਗਮ ਵੱਲੋਂ (ਜਾਂ ਨਗਰ ਨਿਗਮ ਵੱਲੋਂ ਕੋਈ ਹੋਰ ਨੋਟੀਫਾਈਡ ਰਕਮ) ਜਾਨਵਰ ਦੇ ਮਾਲਕ ਤੋਂ ਲਈ ਜਾਵੇਗੀ। ਇਸ ਜਾਨਵਰ ਨੂੰ ਕਾਨੂੰਨ ਅਨੁਸਾਰ ਨਜਿੱਠਿਆ ਜਾਵੇਗਾ ਜਾਂ ਨਸ਼ਟ ਕੀਤਾ ਜਾਵੇਗਾ।
(ਦ) ਜੇ ਪਸ਼ੂ ਦਾ ਮਾਲਕ ਦੂਜੀ ਵਾਰ ਡਿਫਾਲਟ ਲਗਦਾ ਹੈ , ਤਾਂ ਫ਼ੀਸ ਦੀ ਰਕਮ ਰੁਪਏ 10,000 ਪ੍ਰਤੀ ਜਾਨਵਰ ਜੁਰਮਾਨਾ ਕੀਤਾ ਜਾਵੇਗਾ। ਜੇ ਤੀਜੀ ਵਾਰ ਡਿਫਾਲਟ ਪਾਇਆ ਜਾਵੇ ਤਾਂ ਜਾਨਵਰ ਨੂੰ ਜ਼ਬਤ ਕੀਤਾ ਜਾਵੇਗਾ ਅਤੇ ਰਿਹਾਅ ਨਹੀਂ ਕੀਤਾ ਜਾਵੇਗਾ। ਇਸ ਜਾਨਵਰ ਨੂੰ ਕਾਨੂੰਨ ਅਨੁਸਾਰ ਨਜਿੱਠਿਆ ਜਾਵੇਗਾ ਜਾਂ ਨਸ਼ਟ ਕੀਤਾ ਜਾਵੇਗਾ।
(ਕ) ਰਜਿਸਟ੍ਰੇਸ਼ਨ ਅਥਾਰਟੀ ਜਾਂ ਉਸ ਦੁਆਰਾ ਅਧਿਕਾਰਿਤ ਕਰਮਚਾਰੀ`ਅਧਿਕਾਰੀ ਫੜੇ ਗਏ ਪਸ਼ੂਆਂ ਦਾ ਇੰਦਰਾਜ਼ ਸਮੇਤ ਪਸ਼ੂ ਦੀ ਸੰਖੇਪ ਜਾਣਕਾਰੀ, ਫੜਨ ਦੀ ਮਿਤੀ, ਫੜਨ ਦਾ ਕਾਰਨ ਅਤੇ ਜਿਸ ਢੰਗ ਨਾਲ ਉਸ ਨੂੰ ਡਿਸਪੋਜ਼ ਆਫ ਕੀਤਾ ਗਿਆ ਇਸ ਮੰਤਵ ਲਈ ਲਗਾਏ ਗਏ ਰਜਿਸਟਰ ਵਿੱਚ ਦਰਜ ਕਰੇਗਾ।

5। **ਬੀਮਾਰੀ ਨਾਲ ਪੀੜਿਤ ਪਸ਼ੂ**

(ਏ) ਪਸ਼ੂ ਦੇ ਮਾਲਕ ਦਾ ਫਰਜ਼ ਹੋਵੇਗਾ ਕਿ ਉਹੋ ਰਜਿਸਟਰੇਸ਼ਨ ਅਥਾਰਟੀ ਨੂੰ ਬਿਨਾਂ ਕਿਸੇ ਦੇਰੀ ਦੇ ਕਿਸੇ ਵੀ ਛੂਤ ਵਾਲੀ ਬਿਮਾਰੀ ਨਾਲ ਪੀੜਿਤ ਪਸ਼ੂ ਦੀ ਰਿਪੋਰਟ ਨਗਰ ਨਿਗਮ ਨੂੰ ਕਰੇ।
(ਬੀ) ਰਜਿਸਟਰੇਸ਼ਨ ਅਥਾਰਟੀ ਵਾਜਬ ਨੋਟਿਸ ਤੋਂ ਬਾਅਦ ਮਾਲਕ ਜਾਂ ਪਸ਼ੂ ਦੇ ਇੰਚਾਰਜ, ਜੋ ਪਸ਼ੂ ਕਿਸੇ ਵੀ ਛੂਤ ਵਾਲੀ ਬੀਮਾਰੀ ਨਾਲ ਪੀੜਤ ਹੈ ਜਾਂ ਜਿਸ ਦੇ ਪੀੜਤ ਹੋਣ ਦਾ ਸ਼ੱਕ ਹੈ, ਨੂੰ ਉਸ ਪਸ਼ੂ ਨੂੰ ਨਗਰ ਨਿਗਮ ਦੇ ਸਬੰਧਤ ਅਧਿਕਾਰੀ ਦੇ ਹਵਾਲੇ ਕਰਨ ਦੀ ਹਦਾਇਤ ਕਰ ਸਕਦਾ ਹੈ । ਰਜਿਸਟਰੇਸ਼ਨ ਅਥਾਰਟੀ ਜਾਂ ਤਾਂ ਪਸ਼ੂਨੂੰਨਗਰ ਨਿਗਮ ਵੱਲੋਂ ਤੈ ਕੀਤੇ ਕਿਸੇ ਵਾਜਿਬ ਢੰਗ ਨਾਲ ਡਿਸਪੋਜ਼ ਆਫ ਕਰ ਸਕਦਾ ਜਾਂ ਇਸ ਨੂੰ ਵੱਧ ਤੋਂ ਵੱਧ ਚੌਦਾਂ ਦਿਨਾਂ ਤੱਕ ਨਿਗਰਾਨੀ ਲਈ ਇੱਕ ਵੈਟਰਨਰੀ ਹਸਪਤਾਲ ਵਿੱਚ ਭੇਜ ਸਕਦਾ ਹੈ। ਮਾਲਕ ਨੂੰ ਅਜਿਹੇ ਨਜ਼ਰਬੰਦੀ ਅਤੇ ਨਿਗਰਾਨੀ ਲਈ ਖਰਚਾ ਰੁਪਏ 200ਪ੍ਰਤੀ ਦਿਨ ਜਾਂ ਹੋਰ ਨੋਟਿਫਾਇਡ ਰਕਮ ਦਾ ਭੁਗਤਾਨ ਕਰਨਾ ਹੋਵੇਗਾ। ਇਸ ਪ੍ਰਕਾਰ ਡਿਸਪੋਜ਼ ਆਫ ਕੀਤੇ ਜਾਨਵਰਾਂ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।
(ਸੀ) ਜੇਕਰ ਜਾਨਵਰ ਨੂੰ ਠੀਕ ਨਹੀਂ ਕੀਤਾ ਜਾ ਸਕਦਾ , ਤਾਂ ਇਸ ਬਾਰੇ ਪਸ਼ੂ ਡਾਕਟਰ ਦੀ ਸਰਟੀਫਿਕੇਸ਼ਨ ਉਪਰੰਤ ਉਸ ਨੂੰ ਨਸ਼ਟ ਕਰ ਦਿੱਤਾ ਜਾਵੇਗਾ। ਇਸ ਤਰਾਂ ਨਸ਼ਟ ਕੀਤੇ ਜਾਨਵਰ ਦੇ ਲਈ ਕੋਈ ਵੀ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।
(ਡੀ) ਟੋਕਨ / ਬ੍ਰਾਂਡਿੰਗ ਕੋਡ ਵਾਲਾ ਜਾਨਵਰ ਜੇਕਰ ਦੋ ਤੋਂ ਵੱਧ ਵਾਰ ਭਟਕਦਾ ਪਾਇਆ ਜਾਂਦਾ ਹੈ , ਤਾਂ ਅਜਿਹੇ ਜਾਨਵਰ ਦੀ ਰਜਿਸਟਰੇਸ਼ਨ ਮਾਲਕ ਨੂੰ ਨੋਟਿਸ ਦੇਣ ਉਪਰੰਤ ਰੱਦ ਕਰ ਦਿੱਤਾ ਜਾਵੇਗਾ ਅਤੇ ਜੁਰਮਾਨੇ ਵੱਜੋਂ ਰੁਪਏ 10,000 ਜਾਂ ਮਿਊਂਸਪਲ ਕਾਰਪੋਰੇਸ਼ਨ ਦੁਆਰਾ ਸਮੇਂ-ਸਮੇਂ ਤੇ ਨੋਟਿਫਾਈਡ ਰਾਸ਼ੀ ਮਾਲਕ ਤੋਂ ਚਾਰਜ ਕੀਤੀ ਜਾਵੇਗੀ । ਜਾਨਵਰ ਨੂੰ ਨਗਰ ਨਿਗਮ ਵੱਲੋਂ ਫੜ ਲਿਆ ਜਾਵੇਗਾ ਅਤੇ ਕਿਸੇ ਯੋਗ ਤਰੀਕੇ ਨਾਲ ਡਿਸਪੋਜ਼ ਆਫ ਕਰ ਦਿੱਤਾ ਜਾਵੇਗਾ । ਮਾਲਕ ਕੋਲ ਉਸ ਜਾਨਵਰ`ਤੇ ਕਿਸੇ ਕਿਸਮ ਦਾ ਕੋਈ ਕਲੇਮ ਨਹੀਂ ਹੋਵੇਗਾ।

6। **ਪ੍ਰਦਰਸ਼ਨ ਦੇ ਮਕਸਦ ਲਈ ਜਾਨਵਰ:**

ਇਹ ਉਪ-ਨਿਯਮ ਉਨ੍ਹਾਂ ਪਸ਼ੂਆਂ ੋਤੇ ਵੀ ਲਾਗੂ ਹੋਣਗੇ ਜੋ ਨਗਰ ਨਿਗਮ ਦੀ ਹਦੂਦ ਅੰਦਰ ਮਨੋਰੰਜਨ ਆਦਿ ਦੇ ਮੰਤਵ ਲਈ ਲਿਆਏ ਗਏ ਹਨ। ਅਜਿਹੇ ਜਾਨਵਰਾਂ ਦੇ ਮਾਲਕ ਜਾਂ ਪਸ਼ੂ **ਪ੍ਰਦਰਸ਼ ਦੇ ਸ਼ੋ ਦੇ ਪ੍ਰਬੰਧਕ, ਜੋ ਕੋਈ ਵੀ ਹੋਵੇ,** ਤੋਂ ਰੁਪਏ 2000 ਪ੍ਰਤੀ ਦਿਨ ਜਾਂ ਨਗਰ ਨਿਗਮ ਵੱਲੋਂ ਸਮੇਂ-ਸਮੇਂ ਤੇ ਨੋਟੀਫਾਈ ਕੀਤੀ ਕੋਈ ਹੋਰ ਰਾਸ਼ੀ ਚਾਰਜ ਕੀਤੀ ਜਾਵੇਗੀ।

7। **ਪਸ਼ੂ ਦੇ ਮਾਲਕ ਦੇ ਕਰਤੱਵ:**

() ਕੋਈ ਵੀਪਸ਼ੂ ਦੇ ਮਾਲਕ ਜਾਂ ਇੰਚਾਰਜ ਇਸ ਨੂੰ ਬਿਨਾਂ ਕਿਸੇ ਚੇਨ ਦੁਆਰਾ ਸੁਰੱਖਿਅਤ ਕੀਤੇ ਜਾਂ ਕਿਸੇ ਵੀ ਹੋਰ ਉਚਿਤ ਤਰੀਕੇ ਨਾਲ ਸੁਰੱਖਿਅਤ ਕੀਤੇ ਬਿਨਾਂ, ਕਿਸੇ ਵੀ ਸੜਕ ਜਾਂ ਜਨਤਕ ਸਥਾਨ ਤੇ ਨਹੀਂ ਛੱਡੇਗਾ ਜਿਸ ਨਾਲ ਕੋਈ ਵਿਅਕਤੀ ਡਰ ਸਕਦਾ ਹੈ,ਜਾਂ ਉਸ ਨੂੰ ਨੁਕਸਾਨ ਪਹੁੰਚ ਸਕਦਾ ਹੈ । ਮਾਲਕ ਇਹ ਸੁਨਿਸ਼ਚਿਤ ਕਰੇਗਾ ਕਿ ਰਜਿਸਟਰਡ ਜਾਨਵਰ ਹਰ ਵੇਲੇ ਮੈਟਲ ਟੋਕਨ ਜਾਂ ਨਗਰ ਨਿਗਮ ਦੁਆਰਾ ਜਾਰੀ ਕੀਤੀ ਜਾਣ ਵਾਲੀ ਹੋਰ ਪਛਾਣ ਵਰਤੇ।

(ਲ) ਕਿਸੇ ਜਾਨਵਰ ਦਾ ਮਾਲਕ ਕਿਸੇ ਵੀ ਜਨਤਕ ਜਾਂ ਪ੍ਰਾਈਵੇਟ ਜਗ੍ਹਾ ਤੋਂ ਪਸ਼ੂ ਦਾ ਮਲਅਦਿ ਨੂੰ ਹਟਾਉਣ ਅਤੇ ਡਿਸਪੋਜ਼ ਆਫ ਕਰਨ ਦਾ ਜ਼ਿਮੇਵਾਰ ਹੋਵੇਗਾ। ਡੀਫਾਲਟ ਦੇ ਕੇਸ ਵਿੱਚ ਮਾਲਕੋ ਤੇ 1000 ਰੁ. ਜੁਰਮਾਨਾ ਲਗਾਇਆ ਜਾਵੇਗਾ।

(ਫ) ਜਾਨਵਰ ਦਾ ਮਾਲਕ ਇਹ ਸੁਨਿਸ਼ਚਿਤ ਕਰੇਗਾ ਕਿ ਜਾਨਵਰ ਕਿਸੇ ਵੀ ਕਿਸਮ ਦੀ ਛੂਤ ਵਾਲੀ ਬੀਮਾਰੀ ਤੋਂ ਮੁਕਤ ਹੈ । ਇਸ ਸਬੰਧ ਵਿਚ ਰੈਗੂਲਰ ਹੈਲਥ ਚੈੱਕ-ਅਪ ਅਤੇ ਨਿਰਧਾਰਤ ਸਮੇਂ ਵਿਚ ਟੀਕਾਕਰਣ ਜਾਨਵਰ ਦੇ ਮਾਲਕ ਦੀ ਜ਼ਿੰਮੇਵਾਰੀ ਹੋਵੇਗੀ। ਟੀਕਾਕਰਣ ਸਰਟੀਫਿਕੇਟ ਨਗਰ ਨਿਗਮ ਦੇ ਅਧਿਕਾਰਤ ਅਫਸਰ ਦੁਆਰਾ ਨਿਰੀਖਣ ਦੌਰਾਨ ਮੰਗ ੋਤੇ ਪੇਸ਼ ਕੀਤਾ ਜਾਏਗਾ, ਅਤੇ ਇੰਜ ਨਾ ਕਰਨ ਤੇ ਰੁਪਏ 200 ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।ਨਗਰ ਨਿਗਮ ਵਾਰ-ਵਾਰ ਡਿਫਾਲਟ ਦੇ ਮਾਮਲੇ ਵਿਚ ਪਸ਼ੂ ਨੂੰ ਜਬਤ ਕਰ ਸਕਦਾ ਹੈ ਅਤੇ ਪਸ਼ੂ ਦਾ ਰਜਿਸਟਰੇਸ਼ਨ ਰੱਦ ਕੀਤਾ ਜਾ ਸਕਦਾ ਹੈ।

(ਦ)ਮੌਤ ਤੋਂ ਬਾਅਦ ਕੋਈ ਜਾਨਵਰ ਖੁੱਲੇ ਵਿੱਚ ਜਾਂ ਨਗਰ ਨਿਗਮ ਦੇ ਕੂੜੇ ਦੇ ਡੱਬੇ ਵਿਚ ਨਹੀਂ ਸੁੱਟਿਆ ਜਾਏਗਾ । ਮਰੇ ਹੋਏ ਜਾਨਵਰਾਂ ਨੂੰ ਸਿਰਫ ਇਸ ਮਕਸਦ ਲਈ ਮਿਥੇ ਗਏ ਸਥਾਨਾਂ ੋਤੇ ਹੀਡਿਸਪੋਜ਼ ਆਫ ਕਰ ਦਿੱਤਾ ਜਾਵੇਗਾ।

(ਕ) ਮਾਲਕ ਜਾਂ ਜਾਨਵਰ ਦਾ ਇੰਚਾਰਜ ਵਿਅਕਤੀਯ

(ਜ) ਕਿਸੇ ਖਤਰਨਾਕ ਜਾਨਵਰ ਨੂੰ ਬਿਨਾਂ ਕਿਸੇ ਉਚਿਤ ਕੰਟਰੋਲ ਕਰਨ ਦੇ ਵਸੀਲੇ ਤੋਂ ਖੁੱਲਾ ਨਹੀ ਛੱਡੇਗਾਸ

(ਜਜ) ਕਿਸੇ ਵੀ ਵਿਅਕਤੀ ਤੇ ਹਮਲਾ ਕਰਵਾਉਣਾ ਜਾਂ ਡਰਾਉਣ ਆਦਿ ਲਈ ਅਜਿਹੇ ਖਤਰਨਾਕ ਜਾਨਵਰ ਨੂੰ ਨਹੀਂ ਉਕਸਾਏਗਾਸ ਜਾਂ

(ਜਜਜ) ਰੇਬਿਜ਼ ਤੋਂ ਪੀੜਤ ਜਾਂ ਪੀੜਤ ਹੋਣ ਦੇ ਸ਼ੱਕ ਅਧੀਨ ਜਾਨਵਰ ਬਾਰੇ ਨਗਰ ਨਿਗਮ ਨੂੰ ਤੁਰੰਤ ਸਹੀ ਜਾਣਕਾਰੀ ਦੇਵੇਗਾ।

(f) ਪਸ਼ੂ ਦੇ ਮਾਲਕ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਸ ਦੇ ਚਾਰਜ ਅਧੀਨ ਜਾਨਵਰ ਦੀ ਸਿਹਤ ਅਤੇ ਤੰਦਰੁਸਤੀ ਦੀ ਸੰਭਾਲ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਸ ਦੇ ਚਾਰਜ ਹੇਠ ਕੋਈ ਪਸ਼ੂ ਅਨੁਚਿਤ ਪੀੜਾ ਜਾਂ ਬੇਰਹਿਮੀ ਦਾ ਸ਼ਿਕਾਰ ਨਾ ਹੋਵੇ।

(ਪ) ਇਕ ਰਜਿਸਟਰਡ ਪਸ਼ੂ ਦੇ ਮਾਲਕ ਨੂੰ ਰਜਿਸਟਰਡ ਜਾਨਵਰ ਦੀ ਮੌਤ ਬਾਰੇ ਨਗਰ ਨਿਗਮ ਨੂੰ ਸੂਚਿਤ ਕਰਨਾ ਲਾਜ਼ਮੀ ਹੋਵੇਗਾ।

(ੀ) ਪਸ਼ੂ ਬੇਰਹਿਮੀ ਰੋਕਥਾਮ ਐਕਟ, 1960 ਦੀ ਕਿਸੇ ਵੀ ਧਾਰਾ ਦੀ ਉਲੰਘਣਾ ਕਰਨ ਵਾਲੇ ਤੇ ਮੁਕੱਦਮਾ ਚਲਾਇਆ ਜਾਵੇਗਾ ਅਤੇ ਉਹ ਵਿਅਕਤੀ ਸਜ਼ਾ ਦਾ ਪਾਤਰ ਹੋਵੇਗਾ।

8। **ਜਾਨਵਰਾਂ ਨੂੰ ਰੱਖਣ ਤੋਂ ਅਯੋਗਤਾ**

() ਪਸ਼ੂ ਦੇ ਮਾਲਕ ਨੂੰ ਸਜ਼ਾ ਮਿਲਣ ਦੇ ਮਾਮਲੇ ਵਿਚ, ਪਸ਼ੂ ਬੇਰਹਿਮੀ ਰੋਕਥਾਮ ਐਕਟ, 1960 ਦੇ ਤਹਿਤ, ਅਦਾਲਤ ਅਜਿਹੇ ਵਿਅਕਤੀ ਨੂੰ ਜਾਨਵਰਾਂ ਨੂੰ ਰੱਖਣ ਅਤੇ ਪਸ਼ੂ ਲਾਇਸੈਂਸ ਰੱਖਣ ਜਾਂ ਪ੍ਰਾਪਤ ਕਰਨ ਲਈ ਅਯੋਗ ਕਰਾਰ ਦੇ ਸਕਦੀ ਹੈ । ਅਜਿਹੇ ਵਿੱਚ ਵਿਅਕਤੀ ਦਾ ਲਾਈਸੈਂਸ ਮੁਅਤਲ ਸਮਝਿਆ ਜਾਵੇਗਾ ਅਤੇ ਇਸ ਲਾਇਸੈਂਸ ਦਾ ਸਜ਼ਾ ਕਾਇਮ ਰਹਿਣ ਦੌਰਾਨ ਕੋਈ ਪ੍ਰਭਾਵ ਨਹੀਂ ਮੰਨਿਆ ਜਾਵੇਗਾ।

(ਲ) ਮਾਲਕ ਅਯੋਗਤਾ ਨੂੰ ਹਟਾਉਣ ਦੇ ਲਈ ਹੁਕਮ ਦੀ ਮਿਤੀ ਤੋਂ ਲੈ ਕੇ ਛੇ ਮਹੀਨਿਆਂ ਦੇ ਅੰਦਰ ਦੇ ਸਮੇਂ ਸਮੇਂ ਤੇ ਅਰਜ਼ੀ ਦੇ ਸਕਦਾ ਹੈ ਪਰ ਦੋਬਾਰਾ ਅਰਜ਼ੀ ਦੇਣ ਤੋਂ ਪਹਿਲਾਂ ਇਨਕਾਰੀ ਤੋਂ ਬਾਅਦ ਤਿੰਨ ਮਹੀਨਿਆਂ ਦਾ ਸਮਾਂ ਬੀਤਣਾ ਚਾਹੀਦਾ ਹੈ । ਦਰਖਾਸਤ ਦੀ ਸੁਣਵਾਈ ਤੇ ਅਦਾਲਤ ਬਿਨੈਕਾਰ ਦੇ ਚਰਿੱਤਰ , ਉਸ ਦੇ ਆਦੇਸ਼ ਤੋਂ ਬਾਅਦ ਦੇ ਉਸ ਦੇ ਆਚਰਨ , ਅਪਰਾਧ ਦੀ ਪ੍ਰਕਿਰਤੀ ਅਤੇ ਕਿਸੇ ਹੋਰ ਹਾਲਾਤ ਨੂੰ ਵਾਚਣ ਉਪਰੰਤ , ਅਯੋਗਤਾ ਨੂੰ ਹਟਾ ਸਕਦਾ ਹੈ ਜਾਂ ਅਰਜ਼ੀ ਨੂੰ ਡਿਸਮਿਸ ਕਰ ਸਕਦਾ ਹੈ।

(ਫ) ਪਸ਼ੂ ਤੇ ਬੇਰਹਿਮੀ ਦੇ ਅਪਰਾਧ ਲਈ ਸਜ਼ਾ ਸੁਣਾਏ ਜਾਣ ਉਪਰੰਤ ਅਜਿਹੇ ਮਾਲਕ ਦੇ ਲਾਇਸੈਂਸ ਦੇ ਮੁਅੱਤਲ ਹੋਣ ਤੇ , ਸਬੰਧਤ ਜਾਨਵਰ ਨੂੰ ਮਾਲਕ ਦੇ ਖਰਚੇ ਤੇ ਨਗਰ ਨਿਗਮ ਦੁਆਰਾ ਨਿਰਧਾਰਤ ਕੀਤੀ ਗਈ ਜਗਾ ਵਿਚ ਰੱਖਿਆ ਜਾਵੇਗਾ। ਮਾਲਕ ਨੂੰ ਇਸ ਲਈ ਰੁਪਏ 250 ਪ੍ਰਤੀ ਦਿਨ ਜਾਂ ਹੋਰ ਨੋਟੀਫਾਇਡ ਰਾਸ਼ੀ ਅਦਾ ਕਰਨੀ ਹੋਵੇਗੀ।

9। **ਖ਼ਤਰਨਾਕ ਜਾਨਵਰ:**

() ਕਿਸੇ ਖਤਰਨਾਕਪਸ਼ੂ ਜਿਸ ਨੂੰ ਸਹੀ ਢੰਗ ਨਾਲ ਨਿਯੰਤਰਣ ਵਿੱਚ ਨਹੀਂ ਰੱਖਿਆ ਜਾ ਰਿਹਾ ਹੈ ਬਾਰੇ ਸ਼ਿਕਾਇਤ ਪ੍ਰਾਪਤ ਹੋਣ ਤੇ ਰਜਿਸਟਰੇਸ਼ਨ ਅਥਾਰਟੀ ਅਜਿਹੇ ਜਾਨਵਰ ਦੇ ਮਾਲਕ ਨੂੰ ਹੁਕਮ ਦੇ ਸਕਦੀ ਹੈ ਕਿ ਉਹ ਜਾਨਵਰ ਨੂੰ ਸਹੀ ਨਿਯੰਤਰਣ ਵਿਚ ਰੱਖੇ। ਅਜਿਹੇ ਆਦੇਸ਼ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਤੇ ਨਗਰ ਨਿਗਮ ਵੱਲੋਂ ਡਿਫੌਲਟ ਦੇ ਸਮੇਂ ਦੌਰਾਨ ਵਤ। 50 ਪ੍ਰਤੀ ਦਿਨ ਦੀ ਪੈਨਲਟੀ ਜਾਂਸਮੇਂ-ਸਮੇਂ ਤੇ ਨੋਟੀਫਾਈ ਕੀਤੀ ਗਈ ਪੈਨਲਟੀ ਲਗਾਈ ਜਾਵੇਗੀ। ਜੇਕਰ ਮਾਲਕ ਅਥਾਰਿਟੀ ਦੇ ਹੁਕਮ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਕਮਿਸ਼ਨਰ, ਨਗਰ ਨਿਗਮ ਜਾਂ ਕੋਈ ਅਧਿਕਾਰਤ ਅਧਿਕਾਰੀ, ਪਸ਼ੂ ਪਾਲਣ ਵਿਭਾਗ ਨਾਲ ਸਲਾਹ ਕਰਨ ਉਪਰੰਤ, ਉਸ ਪਸ਼ੂ ਨੂੰ ਫੜਨ ਅਤੇ ਉਸ ਦੇ ਢੁੱਕਵੇਂ ਨਿਪਟਾਰੇ ਲਈ ਲੋੜੀਂਦਾ ਹੁਕਮ ਜਾਰੀ ਕਰ ਸਕਦੀ ਹੈ।

(ਲ) ਕਮਿਸ਼ਨਰ, ਨਗਰ ਨਿਗਮ ਜਾਂ ਅਧਿਕਾਰਤ ਅਧਿਕਾਰੀ ਦੇ ਹੁਕਮ ਜਾਰੀ ਹੋਣ ਤੋਂ 15 ਦਿਨ ਅੰਦਰ ਹੁਕਮ ਦੇ ਵਿਰੁੱਧ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ, ਪੰਜਾਬ ਅੱਗੇ ਅਪੀਲ ਦਾਇਰ ਕੀਤੀ ਜਾ ਸਕਦੀ ਹੈ।

10। **ਪਸ਼ੂ ਦੁਆਰਾ ਘੁਸਪੈਠ: -**

() ਪਸ਼ੂ ਦਾ ਮਾਲਕ ਪਸ਼ੂ ਨੂੰ ਨਗਰ ਨਿਗਮ ਦੀ ਹਦੂਦ ਅੰਦਰ ਅਵਾਰਾ ਘੁੰਮਣ ਜਾਂ ਕਿਸੇ ਵਿਅਕਤੀ ਦੀ ਜ਼ਮੀਨ ਉੱਪਰ ਘੁਸਪੈਠ ਨਹੀਂ ਕਰਨ ਦੇਵੇਗਾ।

(ਲ)ਜੇਕਰ ਅਵਾਰਾ ਘੁੰਮਦਾ ਜਾਂ ਘੁਸਪੈਠ ਕਰਦਾਕੋਈ ਪਸ਼ੂ ਕਿਸੇ ਪ੍ਰਕਾਰ ਦਾ ਜਾਨ-ਮਾਲ ਦਾ ਨੁਕਸਾਨ ਕਰਦਾ ਹੈ ਤਾਂ ਪਸ਼ੂ ਦਾ ਮਾਲਕ ਇਸ ਨੁਕਸਾਨ ਲਈ ਜ਼ਿੰਮੇਵਾਰ ਹੋਵੇਗਾ।

**11. ਅਵਾਰਾ ਘੁੰਮਦੇ ਪਸ਼ੂਨੂੰ ਜ਼ਬਤ ਕਰਨਾ, ਪਸ਼ੂਆਂ ਦੀ ਨਜ਼ਰਬੰਦੀ ਅਤੇ ਨਸਬੰਦੀ।**

(1) ਨਗਰ ਨਿਗਮ ਰਜਿਸਟ੍ਰੇਸ਼ਨ ਅਥਾਰਟੀ ਦੁਆਰਾ ਪ੍ਰਮਾਣਿਤ ਕੋਈ ਅਧਿਕਾਰੀ`ਕਰਮਚਾਰੀ, ਹਾਈਵੇ ਤੇ ਜਾਂ ਜਨਤਕ ਥਾਂਤੇ ਮਿਲੇ ਕਿਸੇ ਵੀ ਜਾਨਵਰ ਨੂੰ ਜ਼ਬਤ ਕਰ ਸਕਦਾ ਹੈ , ਜਿਸ ਦੇ ਭਗੌੜਾ`ਅਵਾਰਾਪਸ਼ੂ ਹੋਣ ਦਾ ਕਾਰਨ ਉਸ ਨੂੰ ਮਿਲਦਾ ਹੈ।ਜੇਕਰਪਸ਼ੂ ਨੂੰ ਇਕ ਹਫਤੇ ਦੇ ਸਮੇਂ ਅੰਦਰ ਕਲੇਮ ਨਹੀਂ ਕੀਤਾ ਜਾਂਦਾ ਤਾਂ ਇਸ ਨੂੰ ਜ਼ਬਤ ਕਰ ਲਿਆ ਜਾਵੇਗਾ। ਕਲੇਮ ਕਰਨ ਵਾਲੇ ਵਿਅਕਤੀ ਤੋਂ ਪਸ਼ੂ ਨੂੰ ਨਜ਼ਰਬੰਦ ਕਰਨ ਦਾ ਖਰਚਾ ਅਤੇ ਨਗਰ ਨਿਗਮ ਵੱਲੋਂ ਤੈ ਕੀਤੀ ਗਈ ਪੈਨਲਟੀ ਤੋਂ ਇਲਾਵਾ ਧਾਰਾ 4 ਅਨੁਸਾਰ ਪੈਨਲਟੀ ਵੀ ਵਸੂਲ ਕੀਤੀ ਜਾਵੇਗੀ। ਜੇਕਰ ਜ਼ਬਤ ਕੀਤੇ ਪਸ਼ੂ ਨੂੰ ਬ੍ਰਾਂਡਿੰਗ ਕੋਡ`ਟੋਕਨ ਦਿੱਤਾ ਗਿਆ ਹੈਤਾਂ ਨਗਰ ਨਿਗਮ ਉਸ ਦੇ ਮਾਲਕ ਨੂੰ ਲਿਖਤੀ ਨੋਟਿਸ ਦੇਵੇਗਾ ਕਿ ਨੋਟਿਸ ਪ੍ਰਾਪਤ ਹੋਣ ਦੇ ਸੱਤ ਦਿਨਾਂ ਦੇ ਅੰਦਰ-ਅੰਦਰ ਪਸ਼ੂ ਨੂੰ ਤੈ ਕੀਤੀ ਗਈ ਪੈਨਲਟੀ ਅਦਾ ਕਰਨ ਉਪਰੰਤ ਕਲੇਮ ਕੀਤਾ ਜਾ ਸਕਦਾ ਹੈ ।ਕਲੇਮ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਨਗਰ ਨਿਗਮ ਵੱਲੋਂ ਨੀਲਾਮੀ ਰਾਹੀਂ ਜਾਂ ਕਾਨੂੰਨ ਅਨੁਸਾਰ ਕਿਸੇ ਹੋਰ ਉਚਿਤ ਤਰੀਕੇ ਨਾਲ ਡਿਸਪੋਜ਼ ਆਫ ਕੀਤਾ ਜਾ ਸਕਦਾ ਹੈ।

(2) ਕੋਈ ਵਿਅਕਤੀ ਜਾਂ ਪਸ਼ੂਆਂ ਦੀ ਭਲਾਈ ਸੰਸਥਾ ਨਗਰ ਨਿਗਮ ਦੀ ਹਦੂਦ ਅੰਦਰ ਸੜਕਾਂ/ਕਿਸੇ ਜਨਤਕ ਜਗ੍ਹਾ ਵਿਚ ਪਾਏ ਗਏ ਅਵਾਰਾ ਪਸ਼ੂ ਨੂੰ ਫੜ ਕੇ ਨਗਰ ਨਿਗਮ ਦੇ ਸਬੰਧਤ ਅਧਿਕਾਰੀਕਰਮਚਾਰੀ ਨੂੰ ਸੌਂਪ ਸਕਦਾ ਹੈ।

(3) ਕੋਈ ਪਸ਼ੂ ਚਿਕਿਤਸਕ , ਹੈਲਥ ਸੁਪਰਵਾਈਜ਼ਰ, ਚੀਫ ਸੈਨਟਰੀ ਇੰਸਪੈਕਟਰ, ਸੈਨੈਟਰੀ ਇੰਸਪੈਕਟਰ ਜਾਂ ਨਗਰ ਨਿਗਮ ਦਾ ਹੋਰ ਅਧਿਕਾਰੀ ਜਿਸ ਨੂੰ ਰਜਿਸਟ੍ਰੇਸ਼ਨ ਅਥਾਰਟੀ ਦੁਆਰਾ ਅਧਿਕਾਰਤ ਕੀਤਾ ਗਿਆ ਹੈ , ਕਿਸੇ ਵੀ ਜਾਨਵਰ ਦੇ ਮਾਲਕ ਵੱਲੋਂ ਉਸ ਨੂੰ ਰੱਖਣ ਲਈ ਵਰਤੀ ਜਾ ਰਹੀ ਇਮਾਰਤ ਦਾ ਮੁਆਇਨਾ ਕਰ ਸਕਦਾ ਹੈ ।ਪਸ਼ੂ ਮਾਲਕ ਅਜਿਹੇ ਕਿਸੇ ਅਧਿਕਾਰੀਕਰਮਚਾਰੀ ਨੂੰ ਉਸ ਪਸ਼ੂ ਨੂੰ ਰੱਖੇ ਜਾਣ ਵਾਲੀ ਥਾਂ ਦਾ ਮੁਆਈਨਾ ਕਰਨ ਦੇਵੇਗਾ। ਬਿਨਾ ਰਜਿਸਟਰੇਸ਼ਨ ਰੱਖੇ ਗਏਪਸ਼ੂ ਨੂੰ ਜ਼ਬਤ ਕਰਨ ਦੀ ਅਧਿਕਾਰ ਨਗਰ ਨਨਿਗਮ ਦੇ ਅਧਿਕਾਰਤਅਧਿਕਾਰੀਕਰਮਚਾਰੀ ਨੂੰ ਹੋਵੇਗਾ।

(4) ਨਗਰ ਨਿਗਮ ਦੀ ਹਦੂਦ ਅੰਦਰ ਆਵਾਰਾ ਪਸ਼ੂਆਂ ਦੀ ਆਬਾਦੀ `ਤੇ ਨਿਯੰਤਰਣ ਰੱਖਣ ਲਈ ਪ੍ਰਭਾਵੀ ਕਾਨੂੰਨ ਅਨੁਸਾਰ ਆਵਾਰਾ ਪਸ਼ੂਆਂ ਦੀ ਨਸਬੰਦੀ ਜਾਂ ਉਚਿਤ ਡਿਸਪੋਜ਼ਲ ਨਗਰ ਨਿਗਮ ਵੱਲੋਂ ਕੀਤਾ ਜਾਵੇਗਾ।

**12. ਉਪ-ਨਿਯਮਾਂ ਅਧੀਨ ਇਕੱਠੀ ਕੀਤੀ ਫੀਸ / ਜੁਰਮਾਨੇ ਦੀ ਵਰਤੋਂ:**

ਰਜਿਸਟ੍ਰੇਸ਼ਨ/ਨਵੀਨੀਕਰਣ ਫੀਸ ਅਤੇ ਪੈਨਲਟੀ ਰਾਹੀਂ ਇਕੱਤਰ ਕੀਤੀ ਆਮਦਨ ਨੂੰ ਹੇਠ ਲਿਖੇ ਉਦੇਸ਼ਾਂ ਲਈ ਵਰਤਿਆ ਜਾਏਗਾ:-

(ਏ) ਪਸ਼ੂਆਂ ਦੀ ਸਾਂਭ ਸੰਭਾਲ ਲਈਸ

(ਬੀ) ਆਵਾਰਾ ਪਸ਼ੂਆ ਕਾਰਨ ਫੱਟੜ ਹੋਏਮਾਰੇ ਗਏਪੀੜਤਾਂ ਨੂੰ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਮੁਆਵਜ਼ੇ ਦੇ ਭੁਗਤਾਨ ਲਈਸ

(ਸੀ) ਜਾਨਵਰਾਂ ਦੀ ਸ਼ਨਾਖਤ ਅਤੇ ਸਿਹਤ ਦੇਖ-ਰੇਖ ਦੀ ਲਾਗਤ ਦੀ ਅਦਾਇਗੀ ਲਈ।

**13. ਗੈਰ ਸਰਕਾਰੀ ਸੰਗਠਨਾਂ ਅਤੇ ਹੋਰ ਸਮਾਜਿਕ ਸੰਗਠਨਾਂ ਦਾ ਸਮਰਥਨ:**

ਨਗਰ ਨਿਗਮ ਗੈਰ ਸਰਕਾਰੀ ਸੰਗਠਨਾਂ ਅਤੇ ਹੋਰ ਸਮਾਜਿਕ-ਧਾਰਮਿਕ ਜੱਥੇਬੰਦੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ ਜੋ ਫੱਟੜ ਅਤੇ ਕਮਜ਼ੋਰ ਪਸ਼ੂਆਂ ਲਈ ਬਿਨਾਂ ਮੁਨਾਫ਼ੇ ਤੋਂ ਪਸ਼ੂ ਪੌਂਡ ਸਥਾਪਿਤ ਕਰਨ ਵਿਚ ਦਿਲਚਸਪੀ ਰੱਖਦੇ ਹਨ, ਬਸ਼ਰਤੇ ਨਗਰ ਨਿਗਮ ਕੋਲ ਇਸ ਮੰਤਵ ਲਈ ਲੋੜੀਂਦੇ ਫੰਡ ਉਪਲਬਧ ਹੋਣ।

**14. ਜਾਨਵਰ ਛੱਡਣੇ**

ਜਾਨਵਰਾਂ , ਖਾਸ ਤੌਰ 'ਤੇ ਬੁੱਢੇ ਅਤੇ ਬੇਸਹਾਰਾ ਜਾਨਵਰਾਂ ਨੂੰ ਤਿਆਗ ਕੇ , ਉਨ੍ਹਾਂ ਨੂੰ ਨਗਰ ਨਿਗਮ ਦੀਆਂ ਹਦੂਦ ਅੰਦਰਛੱਡਣ ਤੇ ਪ੍ਰਤੀਬੰਧ ਹੈ। ਅਜਿਹਾਕਰਨ ਵਾਲੇ ਨੂੰ ਰੁਪਏ 5000 ਦਾ ਜੁਰਮਾਨਾ ਜਾਂ ਨਗਰ ਨਿਗਮ ਵੱਲੋਂ ਸਮੇਂ ਸਮੇਂ ਤੇ ਨੋਟੀਫਾਈ ਕੀਤੀ ਹੋਰ ਰਕਮ ਚਾਰਜ ਕੀਤੀ ਜਾਏਗੀ। ਪਸ਼ੂ ਬੇਰਹਿਮੀ ਕਾਨੂੰਨ ਦੇ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**15. ਪੈਨਲਟੀ**

ਇਹਨਾਂ ਉਪ-ਨਿਯਮਾਂ ਵਿਚ ਸਪੱਸ਼ਟ ਤੌਰ ਤੇ ਪ੍ਰਦਾਨ ਕੀਤੇ ਜਾਣ ਤੋਂ ਇਲਾਵਾ , ਇਹ ਉਪ-ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਾਨਵਰ ਦੇ ਮਾਲਕ ਨੂੰ ਰਜਿਸਟ੍ਰੇਸ਼ਨ ਅਥਾਰਟੀ ਦੁਆਰਾ 500 ਰੁਪਏ ਦਾ ਜੁਰਮਾਨਾ ਕੀਤਾ ਜਾਏਗਾ, ਅਤੇ ਜੇਕਰ ਉਲੰਘਣਾ ਇਕ ਨਿਰੰਤਰ ਪ੍ਰਕਿਰਤੀ ਦੀ ਹੈਤਾਂ ਵਾਧੂ ਜੁਰਮਾਨੇ ਵੱਜੋਂ , ਉਲੰਘਣਾ ਜਾਰੀ ਰਹਿਣ ਤੱਕ, ਵੱਧ ਤੋਂ ਵੱਧ 7 ਦਿਨਾਂ ਲਈ ਰੁਪਏ 100 ਪ੍ਰਤੀ ਦਿਨ ਜੁਰਮਾਨਾ ਲਗਾਇਆ ਜਾਵੇਗਾ । ਜੇਕਰ ਉਲੰਘਣਾ 7 ਦਿਨਾਂ ਉਪਰੰਤ ਵੀ ਜਾਰੀ ਰਹਿੰਦੀ ਹੈ ਤਾਂ ਰਜਿਸਟਰ ਹੋਣ ਯੋਗ ਪਸ਼ੂ ਦੀ ਰਜਿਸਟਰੇਸ਼ਨ ਰੱਦ ਕੀਤੀ ਜਾ ਸਕਦੀ ਹੈ ਅਤੇ ਉਸ ਨੂੰ ਜ਼ਬਤ ਕੀਤਾ ਜਾ ਕਦਾ ਹੈ।

**16. ਮੁਆਵਜੇ ਲਈ ਅਰਜ਼ੀ: -**

(ਏ) ਆਵਾਰਾ ਜਾਨਵਰ ਦੁਆਰਾ ਹਮਲੇ ਦੇ ਸ਼ਿਕਾਰ ਵਿਅਕਤੀ ਜਾਂ ਮੌਤ ਹੋਣ ਤੇ ਉਸ ਦਾ ਕੋਈ ਵਾਰਿਸ, ਇਨ੍ਹਾਂ ਉਪ-ਨਿਯਮਾਂ ਦੇ ਉਪਬੰਧਾਂ ਅਧੀਨ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਜਾਂ ਮੁਆਵਜਾ ਦੇਣ ਲਈ ਅਧਿਕਾਰਤ ਅਧਿਕਾਰੀ ਨੂੰ ਅਰਜ਼ੀ ਦੇ ਸਕਦਾ ਹੈ।

(ਬੀ) ਜੇਕਰ ਕੋਈ ਵਿਅਕਤੀ ਉਪਰੋਕਤ ਦੱਸੀ ਗਈ ਅਥਾਰਿਟੀ ਦੁਆਰਾ ਲਏ ਗਏ ਫੈਸਲੇ ਤੋਂ ਸੰਤੁਸ਼ਟ ਨਹੀਂ ਹੈ ਤਾਂ ਨੂੰ ਅਥਾਰਟੀ ਦੇ ਆਦੇਸ਼ ਪਾਸ ਕਰਨ ਤੋਂ 30 ਦਿਨ ਦੇ ਅੰਦਰ ਨਗਰ ਨਿਗਮ ਦੇ ਕਮਿਸ਼ਨਰ ਪਾਸ ਅਪੀਲ ਦਾਇਰ ਕਰ ਸਕਦਾ ਹੈ।

**17. ਅਵਾਰਾ ਪਸ਼ੂਆਂ ਦੇ ਹਮਲੇ ਦੇ ਪੀੜਤਾਂ ਨੂੰ ਮੁਆਵਜੇ ਦਾ ਨਿਰਧਾਰਨ**

(ਏ) ਨਿਯਮ 16 ਉਪ ਨਿਯਮ (ਏ) ਅਧੀਨ ਮੁਆਵਜੇ ਤੋਂ ਭਾਵ ਹੈ ਕਿ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਜਾਂ ਹੋਰ ਅਧਿਕਾਰਤ ਅਧਿਕਾਰੀ ਵੱਲੋਂ ਪੜਤਾਲ ਉਪਰੰਤ ਨਿਰਧਾਰਤ ਕੀਤਾ ਗਿਆ ਮੁਆਵਜ਼ਾ।

(ਬੀ) ਅਵਾਰਾ ਜਾਨਵਰਾਂ ਦੇ ਹਮਲੇ ਦੇ ਸ਼ਿਕਾਰ ਪੀੜਤ,ਅਤੇ ਪੀੜਤ ਦੀ ਮੌਤ ਦੇ ਕੇਸ ਵਿੱਚ ਪੀੜਤ ਦੇ ਕਾਨੂੰਨੀ ਵਾਰਸ , ਹੇਠ ਲਿਖੇ ਅਨੁਸਾਰ ਹੋਣਗੇ ਮੁਅਵਜ਼ੇ ਦੇ ਹੱਕਦਾਰ ਹੋਣਗੇ: -

| | |
|---|---|
| ਮੌਤ ਦੇ ਕੇਸ ਵਿੱਚ | 2 ਲੱਖ ਰੁਪਏ |
| ਅਪਾਹਜ ਹੋਣ ਦੇ ਕੇਸ ਵਿੱਚ | ਸਿਵਲ ਸਰਜਨ ਵੱਲੋਂ ਅਪਾਹਿਜਤਾ ਦੀ ਹੱਦ ਦੀ ਤਸਦੀਕ ਅਨੁਸਾਰ ਪੀੜਤ ਨੂੰ ਪਏ ਘਾਟੇ ਨੂੰ ਦੇਖਦੇ ਹੋਏ ਸੰਯੁਕਤ ਕਮਿਸ਼ਨਰ ਜਾਂ ਹੋਰ ਅਧਿਕਾਰਤ ਅਧਿਕਾਰੀ ਵੱਲੋਂ ਤੈ ਕੀਤੀ ਗਈ 2 ਲੱਖ ਰੁਪਏ ਦੇ ਅਨੁਪਾਤ ਦੀ ਰਕਮ। |

ਬਸ਼ਰਤੇ ਜੇਕਰ ਘਟਨਾ ਪੀੜਤ ਦੀ ਲਾਪਰਵਾਹੀ ਕਾਰਨ ਵਾਪਰਦੀ ਹੈ ਤਾਂ ਪਸ਼ੂ ਦੇ ਹਮਲੇ ਦਾ ਪੀੜਤ,ਅਤੇ ਪੀੜਤ ਦੀ ਮੌਤ ਦੇ ਕੇਸ ਵਿੱਚ ਪੀੜਤ ਦੇ ਕਾਨੂੰਨੀ ਵਾਰਸ, ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ।

ਬਸ਼ਰਤੇ ਕਿ ਇਕ ਰਜਿਸਟਰਡ ਪਸ਼ੂ ਦੁਆਰਾ ਫੱਟੜ ਕੀਤੇ ਗਏ ਜਾਂ ਮਾਰੇ ਗਏ ਪੀੜਤ ਨੂੰ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਰਜਿਸਟਰਡ ਪਸ਼ੂ ਦੇ ਮਾਲਕ ਦੀ ਹੋਵੇਗੀ।

(ਸੀ)ਆਵਾਰਾ ਪਸ਼ੂ ਦੇ ਹਮਲੇ ਕਾਰਨ ਫੱਟੜ ਹੋਏ ਪੀੜਤ (ਜੇ ਕੇਸ ਉਪਰੋਕਤ ਉਪ-ਨਿਯਮ (ਬੀ) ਅਧੀਨ ਨਹੀਂ ਆਉਂਦਾ ਹੈ) ਨੂੰ ਮੈਟੀਕਲ ਅਫਸਰ ਜਾਂ ਕੋਈ ਹੋਰ ਸੀਨੀਅਰ ਮੈਡੀਕਲ ਅਧਿਕਾਰੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪੀੜਤ ਦੇ ਫੱਟੜ ਹੋਣ ਦੀ ਤਫਸੀਲ ਸਬੰਧੀ ਸਰਟੀਫਿਕੇਸ਼ਨ ਪ੍ਰਾਪਤ ਹੋਣ ਉਪਰੰਤ 1000 ਰੁਪਏ ਪ੍ਰਤੀ ਸੱਟ ਦਾ ਖਾਸ ਮੁਆਵਜ਼ਾ ਅਤੇ 2000 ਰੁਪਏ ਪ੍ਰਤੀ ਛੇਦ ਤੋਂ ਇਲਾਵਾ ਇਲਾਜ ਕਰਵਾਉਣ ਵਿੱਚ ਆਏ ਵਾਜਬ ਖਰਚੇ (ਵੱਧ ਤੋਂ ਵੱਧ 50,000 ਰਪਏ ਤੱਕ) ਦਾ ਭੁਗਤਾਨ ਨਗਰ ਨਿਗਮ ਵੱਲੋਂ ਕੀਤਾ ਜਾਵੇਗਾ।

(ਡੀ) ਬਸ਼ਰਤੇ ਰਜਿਸਟਰਡ ਜਾਨਵਰ / ਪਾਲਤੂ ਜਾਨਵਰ ਦੇ ਕੇਸ ਵਿੱਚ ਮੁਆਵਜ਼ਾ ਦੇਣ ਦੀ ਜਿੰਮੇਵਾਰੀ ਪੂਰੀ ਤਰ੍ਹਾਂ ਰਜਿਸਟਰਡ ਜਾਨਵਰ / ਪਾਲਤੂ ਜਾਨਵਰ ਦੇ ਮਾਲਕ ਦੀ ਹੋਵੇਗੀ।

**18.** ਇਹਨਾਂ ਉਪ-ਨਿਯਮਾਂ ਦੇ ਅਸੰਗਤ ਨਗਰ ਨਿਗਮ ਦਾ ਕੋਈ ਹੋਰ ਪਿਛਲਾ ਉਪ-ਨਿਯਮ ਇਨ੍ਹਾਂ ਉਪ-ਨਿਯਮਾਂ ਦੇ ਅਰੰਭ ਹੋਣ ਦੀ ਮਿਤੀ ਤੋਂ ਰੱਦ ਸਮਝਿਆ ਜਾਵੇਗਾ।

ਬਸ਼ਰਤੇ ਕਿ ਰੱਦ ਕੀਤੇ ਗਏ ਪਿਛਲੇ ਉਪ-ਨਿਯਮਾਂ ਅਧੀਨ ਕੀਤਾ ਕੋਈ ਵੀ ਆਦੇਸ਼ ਜਾਂ ਕਾਰਵਾਈ,ਇਨ੍ਹਾਂ ਉਪ-ਨਿਯਮਾਂ ਦੇ ਉਪਬੰਧਾਂ ਅਨੁਸਾਰ ਕੀਤਾ ਜਾਂ ਲਿਆ ਗਿਆ ਸਮਝਿਆ ਜਾਵੇਗਾ।

**ਫਾਰਮ- ੳ**

ਰਜਿਸਟਰੀ ਫਾਰਮ / ਨਵੀਨੀਕਰਨ ਦਾ ਫਾਰਮ

(ਉਪ-ਨਿਯਮਾਂ ਦੀ ਧਾਰਾ 3 ਦੀ ਉਪ-ਧਾਰਾ (ਏ) ਦੇਖੋ)

1. ਨਗਰ ਨਿਗਮ
2. ਰਜਿਸਟਰੇਸ਼ਨ ਨੰਬਰਯ
3. ਬਿਨੈਕਾਰ ਦਾ ਨਾਮ:
4. ਪਿਤਾ ਦਾ ਨਾਂ:

5. ਨਗਰ ਨਿਗਮ ਦੀ ਹਦੂਦ ਅੰਦਰ ਰਿਹਾਇਸ਼ੀ ਪਤਾ ਸਮੇਤ ਵਾਰਡ ਨੰਬਰ ਯ

6. ਸਥਾਈ ਪਤਾ:

7. ਜਾਨਵਰਾਂ ਦੀ ਸ਼੍ਰੇਣੀ

8. ਜਾਨਵਰਾਂ ਦੀ ਕਿਸਮ (ਨਸਲ) ਅਤੇ ਉਮਰ:

9. ਕੀ ਜਾਨਵਰ ਨੂੰ ਛੂਤ ਵਾਲੀ ਬੀਮਾਰੀਆਂ ਤੋਂ ਮੁਕਤ ਹੋਣ ਸਬੰਧੀ ਵੈਟਰਨਰੀ ਡਾਕਟਰ ਦੁਆਰਾ ਤਸਦੀਕ ਕੀਤਾ ਗਿਆ ਹੈ

10. ਵੈਕਸੀਨੇਸ਼ਨ ਸਟੇਟਸ

11. ਰਜਿਸਟਰੇਸ਼ਨ / ਨਵੀਨੀਕਰਣ ਦੀ ਫੀਸ ਦੀ ਅਦਾਇਗੀ ਸਬੰਧੀ ਤਫਸੀਲ

12. ਪਰਿਵਾਰ ਵੱਲੋ ਹੋਰ ਰਜਿਸਟਰਡੇ ਬਿਨਾ ਰਜਿਸਟਰੇਸ਼ਨ ਰੱਖੇ ਗਏ ਪਸ਼ੂਆਂ ਦੀ ਗਿਣਤੀਯ

ੑਜੇਕਰ ਰਜਿਸਟਰਡ ਹੋਣ ਤਾਂ ਪਸ਼ੂ ਦਾ ਰਜਿਸਟਰੇਸ਼ਨ ਨੰਬਰ ਦੱਸੋਯ

ੑਜੇਕਰ ਨਹੀਂ, ਤਾਂ ਕਿਸਮ ਅਤੇ ਗਿਣਤੀ ਦੱਸੋ

ਬਿਨੈਕਾਰ ਦੇ ਹਸਤਾਖਰ ਅਤੇ

ਮਿਤੀ

**ਰਸੀਦ**

ਰਜਿਸਟਰੇਸ਼ਨ ਨੰਬਰ

ਜਾਨਵਰਾਂ ਦੇ ਪੰਜੀਕਰਨ / ਨਵੀਨੀਕਰਨ ਲਈ ਅਰਜ਼ੀ ਪ੍ਰਾਪਤ ਕੀਤੀ ।।।।।।।।।।।।।।।।।।।।।।।।।।।।।।।।।।।।।।।।।।।। ਤੋਂ ...................................... ਦੇ ਨਿਵਾਸੀ

ਮਿਤੀਯ

ਰਜਿਸਟ੍ਰੇਸ਼ਨ ਕਲਰਕ ਦੇ ਹਸਤਾਖਰ ਅਤੇ ਨਗਰ ਨਿਗਮ ਦੀ ਸੀਲ।